ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥
ਸਪਤਾਹਿਕ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥
www.sribhainisahib.com
ਜਿਲਦ-24 ਨੰਬਰ-36
22 ਤੋਂ 28 ਪੋਹ 2073 -5 to 11 January 2017 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਤਕੜੇ ਹੋ ਕੇ ਭਜਨ ਬਾਣੀ ਕਰੋ



ਸੋ ਖਾਲਸਾ ਜੀ ਤਕੜੇ ਹੋ ਕੇ ਭਜਨ ਬਾਣੀ ਕਰੋ। ਬਾਣੀ ਦਾ ਉਚਾਰ ਕਰੋ ਪ੍ਰਭਾਤੇ। ਭੋਗ ਗ੍ਰੰਥ ਸਾਹਿਬ ਦੇ ਪਾਓ ਜਿਤਨੇ ਪੁਜ ਆਵਨ।

## ਸ੍ਰੀ ਸਤਿਗੁਰੂ ਜੀ ਦੀ ਛੱਤਰ ਛਾਇਆ ਹੇਠ 350 ਸਾਲਾਂ ਪ੍ਰਕਾਸ਼ ਪੁਰਬ



**ਸ੍ਰੀ ਭੈਣੀ ਸਾਹਿਬ, 1 ਜਨਵਰੀ 2017:** ਅੱਜ ਇਥੇ ਦਸਮ ਪਿਤਾ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛੱਤਰ ਛਾਇਆ ਹੇਠ ਬੜੇ ਸ਼ਰਧਾ ਸਤਿਕਾਰ ਨਾਲ ਮਨਾਇਆ ਗਿਆ। ਪ੍ਰਤਾਪ ਮੰਦਰ ਵਿੱਚ ਮਨਾਏ ਜਾ ਰਹੇ ਇਸ ਸਮਾਗਮ ਵਿੱਚ ਸਾਧ-ਸੰਗਤ ਨੇ ਬੜੇ ਹੁੰਮ ਹੁਮਾ ਕੇ ਦਰਸ਼ਨ ਦਿੱਤੇ। ਜਥੇਦਾਰਾਂ, ਰਾਗੀਆਂ, ਕਵੀਆਂ ਅਤੇ ਬੁਲਾਰਿਆਂ ਨੇ ਸਤਿਗੁਰੂ ਜੀ ਦੇ ਕੀਤੇ ਪਰਉਪਕਾਰਾਂ ਨੂੰ ਬੜੇ ਸ੍ਰੇਸ਼ਟ ਢੰਗ ਨਾਲ ਸਾਧ-ਸੰਗਤ ਸਾਮ੍ਹਣੇ ਪੇਸ਼ ਕੀਤਾ।

ਸਾਧ-ਸੰਗਤ ਨੇ ਇਸ ਸਮੇਂ ਇੱਕ ਪਾਸੇ ਪ੍ਰੋਗਰਾਮਾਂ ਨੂੰ ਸਰਵਣ ਕੀਤਾ ਦੂਜੇ ਪਾਸੇ ਕਲਗੀਧਰ ਪਾਤਸ਼ਾਹ ਜੀ ਦੀ ਯਾਦ ਵਿੱਚ ਨਾਮ ਸਿਮਰਨ ਕੀਤਾ। ਪ੍ਰੋਗਰਾਮ ਦੀ ਸਮਾਪਤੀ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ 3 ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ 2 ਸਧਾਰਨ ਪਾਠਾਂ ਦੇ ਭੋਗ ਬਾਅਦ ਅਰਦਾਸ ਨਾਲ ਕੀਤੀ ਗਈ। ਸਾਧ-ਸੰਗਤ ਨੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਨੂਰਾਨੀ ਦਰਸ਼ਨ ਕਰਕੇ ਆਪਣਾ ਜਨਮ ਸਫਲਾ ਕੀਤਾ। ਸਾਰੇ ਸਮਾਗਮ ਦੀ ਵੇਰਵੇ ਸਹਿਤ ਰਿਪੋਰਟ ਅਗਲੇ ਅੰਕ ਵਿੱਚ ਪ੍ਰਕਾਸ਼ਿਤ ਕੀਤੀ ਜਾਏਗੀ।

## ਸ੍ਰੀ ਸਤਿਗੁਰੂ ਜੀ ਦਾ ਥਾਈਲੈਂਡ ਦੌਰਾ

### ★ 200ਵਾਂ ਪ੍ਰਕਾਸ਼ ਵਰ੍ਹਾ ਉਤਸਵ ਸ੍ਰੀ ਸਤਿਗੁਰੂ ਰਾਮ ਸਿੰਘ ਜੀ
### ★ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ 97ਵਾਂ ਪ੍ਰਕਾਸ਼ ਪੁਰਬ
### ★ ਨਾਮਧਾਰੀ ਵਿਦਿਅਕ ਸੰਮੇਲਨ ਥਾਈਲੈਂਡ



ਸ੍ਰੀ ਸਤਿਗੁਰੂ ਉਦੈ ਸਿੰਘ ਜੀ, ਬੀਬੀ ਗੁਰਸ਼ਰਨ ਕੌਰ ਸਿੱਖਾਂ ਸੇਵਕਾਂ ਅਤੇ ਥਾਈਲੈਂਡ ਸਾਧ-ਸੰਗਤ ਨਾਲ ਜੋਮੈਟਿਨ ਬੀਚ ਪਟਾਇਆ (ਬੰਕੋਕ) ਵਿਖੇ ਲਗੀ ਆਸਾ ਦੀ ਵਾਰ ਉਪਰੰਤ ।

ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਪਿਛਲੀ ਦਿਨੀਂ 3 ਤੋਂ 11 ਦਸੰਬਰ ਤੱਕ ਥਾਈਲੈਂਡ ਦਾ ਦੌਰਾ ਕੀਤਾ ਜਿਸ ਦੀ ਥਾਈਲੈਂਡ ਨਾਮਧਾਰੀ ਸੰਗਤ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਗਈ ਸੀ। ਨਵੀਂ ਪਿੜੀ ਨੂੰ ਮੁੜ ਗੁਰੂ ਘਰ ਅਤੇ ਸਿਖੀ ਨਾਲ ਜੋੜਨ ਦੇ ਪਖੋਂ ਅਤੇ ਨੌਜਵਾਨਾਂ 'ਚ ਸਿਖੀ ਵਿਰਸੇ ਨੂੰ ਹੋਰ ਦ੍ਰਿੜ ਕਰਨ ਦੇ ਪਖੋਂ ਸਤਿਗੁਰੂ ਜੀ ਦਾ ਇਹ ਥਾਈਲੈਂਡ ਦੌਰਾ ਅਹਿਮ ਰਿਹਾ।

ਸ੍ਰੀ ਸਤਿਗੁਰੂ ਜੀ ਦੇ ਇਸ ਦੌਰੇ 'ਚ ਸ਼ਾਮਿਲ ਹੋਣ ਲਈ ਮਿਤੀ 2 ਦਸੰਬਰ ਨੂੰ ਸਿਖਾਂ ਸੇਵਕਾਂ ਦਾ ਇਕ ਜਥਾ ਭਾਰਤ ਤੋਂ ਥਾਈਲੈਂਡ ਵਿਖੇ ਪੁਜਾ। ਇਹ ਜਥਾ ਸੁਵਰਨ ਭੂਮੀ ਏਅਰਪੋਰਟ ਤੋਂ ਚਲ ਗਿਆਨੀ ਸੰਤੋਖ ਸਿੰਘ ਮਹਿਤਾਬ ਸਿੰਘ ਦੇ ਘਰ ਪਹੁੰਚਿਆ। ਜਿਥੇ ਬੀਬੀ ਕੰਵਲਜੀਤ ਕੌਰ ਨੇ ਸਾਰੇ ਜਥੇ ਨੂੰ ਜਲ ਪਾਣੀ ਛਕਾ ਡੇਰਾ ਕਰਵਾਇਆ।

**ਭਾਰਤ ਤੋਂ ਆਈ ਸੰਗਤ ਦਾ ਵੇਰਵਾ-** ਸੇਵਕ ਕਰਤਾਰ ਸਿੰਘ ਸੇਵਕ ਆਸਾ ਸਿੰਘ, ਸੂਬਾ ਬਲਵਿੰਦਰ ਸਿੰਘ, ਸੰਤ ਗੁਰਬਚਨ ਸਿੰਘ ਚੰਡੀਗੜ੍ਹ ਵਾਲੇ ਕਥਾਵਾਚਕ, ਰਾਗੀ ਸਰਵ ਸੰਤ ਸਰਮੁੱਖ ਸਿੰਘ, ਸ਼ਾਮ ਸਿੰਘ, ਬਲਵੰਤ ਸਿੰਘ ਬਾਂਸਰੀ ਵਾਲੇ ਯੂ. ਕੇ. ਤੋਂ ਤੇ ਇਸਦੀ ਪਤਨੀ ਬੀਬੀ ਕੌਰ, ਸੁਖਦੇਵ ਸਿੰਘ ਸੁਖੀ ਸੇਵਕ, ਸੁਖਵਿੰਦਰ ਸਿੰਘ ਤੇ ਹਰਪਾਲ ਸਿੰਘ ਦੋਵੇਂ ਸੱਕਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ (ਰਜਿ), ਨੌਜਵਾਨ ਗੁਰਤੇਜ ਸਿੰਘ ਸਰਵੋਤਮ ਮੈਂਬਰ (ਵਾਰਸ਼ਿਕ ਸੰਮੇਲਨ 2016), ਹਾਕਮ ਸਿੰਘ (ਪੁਤਰ ਹਰਪਾਲ ਸਿੰਘ ਸੇਵਕ) ਅਤੇ ਪਤਨੀ ਗੁਰਨਾਮ ਕੌਰ, ਨੌਜਵਾਨ ਸੁਦਰਸ਼ਨ ਸਿੰਘ ਲੁਧਿਆਣਾ, ਜਗਜੀਤ ਸਿੰਘ ਲੁਧਿਆਣਾ, ਸੁਰਿੰਦਰ ਸਿੰਘ ਸਾਹਿਬਪੁਰਾ ਦਿੱਲੀ, ਜਵਾਲਾ ਸਿੰਘ, ਹਰਜੀ ਸਿੰਘ ਤੇ ਸੁੰਦਰ ਹੰਸਪਾਲ (ਪੋਤਰਾ ਸ. ਹਰਵਿੰਦਰ ਸਿੰਘ ਹੰਸਪਾਲ) ਵੀ ਦੌਰੇ 'ਚ ਸ਼ਾਮਿਲ ਸਨ। (ਬਾਕੀ ਸਫਾ 2 'ਤੇ)

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਪੁਰਬ ਲਈ ਭਾਰਤ ਸਰਕਾਰ ਨੇ ਪ੍ਰੋਗਰਾਮਾਂ ਦਾ ਵੇਰਵਾ ਤੇ ਖ਼ਰਚਾ ਪੁਛਿਆ

**ਲੁਧਿਆਣਾ 22 ਦਸੰਬਰ 2016:** ਸ. ਸੁਰਿੰਦਰ ਸਿੰਘ ਨਾਮਧਾਰੀ, ਮੀਤ ਪ੍ਰਧਾਨ, 'ਕੂਕਾ ਸ਼ਹੀਦ ਯਾਦਗਾਰੀ ਟ੍ਰਸਟ' ਦੇ ਦੱਸਣ ਅਨੁਸਾਰ ਭਾਰਤ ਸਰਕਾਰ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਪੁਰਬ ਨੂੰ ਨੈਸ਼ਨਲ ਲੈਵਲ ਤੇ ਮਨਾਉਣ ਲਈ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਵਲੋਂ ਪ੍ਰਵਾਨਗੀ ਹੋ ਗਈ ਹੈ। ਇੱਕ ਪੱਤਰ ਵਿੱਚ ਮਨਿਸਟਰੀ ਆਫ ਕਲਚਰ ਨੇ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਪੁਰਬ ਮਨਾਉਣ ਬਾਰੇ ਕੁੱਝ ਵੇਰਵੇ ਮੰਗੇ ਹਨ। ਮੰਤਰਾਲੇ ਦੀ ਡਿਪਟੀ ਸੈਕਟਰੀ ਨਿਰਮਲਾ ਗੋਇਲ ਨੇ ਪੁਛਿਆ ਹੈ ਕਿ ਇਸ ਪ੍ਰੋਗਰਾਮ ਦੇ ਵੇਰਵੇ ਕੀ ਹੋਣਗੇ? ਉਹਨਾਂ ਤੇ ਕਿਨਾਂ ਕੁ ਖ਼ਰਚਾ ਆਏਗਾ ਇਸ ਨੂੰ ਸਭਿਆਚਾਰਕ ਤੌਰ ਤੇ ਕਿਵੇਂ ਮਨਾਇਆ ਜਾਏਗਾ? ਇਸ ਸਮੇਂ ਬਣਾਈਆ ਜਾਣ ਵਾਲੀਆਂ ਯਾਦਗਾਰਾਂ ਦਾ ਵੀ ਖ਼ਰਚਾ ਤੇ ਹੋਰ ਵੇਰਵੇ ਦੱਸੇ ਜਾਣ ਤਾਂਕਿ ਸਾਰਾ ਵੇਰਵਾ ਡੀ.ਪੀ ਆਰ ਨੂੰ ਅਗਲੀ ਕਾਰਵਾਈ ਲਈ ਭੇਜਿਆ ਜਾ ਸਕੇ। ਇਸ ਸੰਬੰਧੀ ਮੰਤਰਾਲੇ ਨੇ ਫ਼ੌਰਨ ਜਵਾਬ ਦੀ ਆਸ ਪ੍ਰਗਟ ਕੀਤੀ ਹੈ।

## NAMDHARI NITNEM -A mobile application

With the permission and blessings of Sri Satguru Uday Singh Ji, "Namdhari Nitnem" a mobile app is now available in Google & Apple Play Stores.

Using the app, you can:

1. Enjoy Live Audio and Video streaming from Sri Bhaini Sahib.
2. Keep a record of your daily activities, such as wakeup before sunrise and bath including hair.
3. Access Gurbani Paath such as Jap ji Sahib, Jaap Sahib, Chandi Di Vaar and Paath exclusive for Namdhari Sangat.

Download the app by typing "Namdhari Nitnem" in the Google & Apple play store search box.

Sri Satguru Ji desires Namdhari youths should register themselves after downloading the app.

Send your valuable feedback regarding the app using the Feedback option. This will help us serve you better in future.

Jeevan Jot Singh, Parveenjyot Singh

# ਸਤਿਗੁਰੂ ਜੀ ਦਾ ਥਾਈਲੈਂਡ ਦੌਰਾ....(ਬਾਕੀ ਸਫਾ 1 ਦੀ)

ਸ੍ਰੀ ਸਤਿਗੁਰੂ ਜੀ ਨੇ ਬੀਬੀ ਗੁਰਸ਼ਰਨ ਕੌਰ ਅਤੇ ਕਰਨਪਾਲ (ਲਾਈਵ ਟੈਲੀਕਾਸਟ ਵਾਲੇ) ਨਾਲ ਅਜ ਰਾਤ ਬੰਗਲੌਰ ਤੋਂ ਬੈਂਕੋਕ ਦੀ ਉਡਾਨ ਫੜਨੀ ਸੀ।

**ਮਿਤੀ 3 ਦਸੰਬਰ 2016**

ਸਵੇਰੇ 4.30 ਵਜੇ ਆਸਾ ਦੀ ਵਾਰ ਦਾ ਕੀਰਤਨ ਇਸੇ ਘਰ ਭਾਵ ਡੇਰੇ ਦੀ ਪਹਿਲੀ ਮੰਜਲ ਤੇ ਬਣੇ ਹਾਲ ਵਿਚ ਸ਼ੁਰੂ ਹੋਇਆ। ਬੰਗਲੌਰ ਤੋਂ ਰਾਤ ਦੇ ਤੁਰੇ ਸਤਿਗੁਰੂ ਜੀ ਤਕਰੀਬਨ 5.40 ਤਕ ਡੇਰੇ ਤੇ ਪਹੁੰਚੇ ਜਿਥੇ ਘਰ ਵਾਲਿਆਂ ਸਹਿਤ ਸਾਧ ਸੰਗਤ ਨੇ ਸੁਆਗਤ ਕੀਤਾ। ਪਾਤਸ਼ਾਹ ਜੀ ਝਟਪਟ ਹੀ ਤਿਆਰ ਹੋ ਆਸਾ ਦੀ ਵਾਰ 'ਚ ਜਾ ਦਰਸ਼ਨ ਦਿੱਤੇ। ਆਸਾ ਦੀ ਵਾਰ ਦਾ ਕੀਰਤਨ ਸਰਵ ਸੰਤ ਸੁਰਮੁਖ ਸਿੰਘ ਹਰਵਿੰਦਰ ਸਿੰਘ ਬਲਵੰਤ ਸਿੰਘ ਬਾਂਸੁਰੀ, ਸ਼ਾਮ ਸਿੰਘ ਦੇ ਨਾਲ ਜਸਪਾਲ ਸਿੰਘ ਸਚਦੇਵ ਸਿੰਘ ਆਦਿ ਨੇ 6.30 ਤਕ ਕੀਤਾ। ਉਪਰੰਤ ਇਹਨਾਂ ਘਰਾਂ ਨੂੰ ਨਿਵਾਜਿਆ। ਵੇਰਵਾ-

1. ਬੀਬੀ ਰਾਣੀ
2. ਸੰਤ ਜਗਜੀਤ ਸਿੰਘ ਆਜ਼ਾਦ
3. ਸੰਤ ਕੁਲਦੀਪ ਸਿੰਘ ਗੰਭੀਰ
4. ਬੀਬੀ ਕਿਰਨ
5. ਸੰਤ ਮੋਹਨ ਸਿੰਘ
6. ਬੀਬੀ ਰਣਜੀਤ ਕੌਰ
7. ਸ਼ਮਸ਼ੇਰ ਸਿੰਘ ਤੇ ਬੀਬੀ ਗੋਪੀ
8. ਸੇਠ ਤਿਰਲੋਕ ਸਿੰਘ
9. ਸੰਤ ਬਹਾਦਰ ਸਿੰਘ ਪੁੱਤਰ ਗੁਰਬਖਸ਼ ਸਿੰਘ
10. ਸੰਤ ਅਜੀਤ ਸਿੰਘ ਦੇਹਰਾਦੂਨ
11. ਸੰਤ ਦਰਸ਼ਨ ਸਿੰਘ ਟੱਕਰ ਅਤੇ ਬੀਬੀ ਰਾਣੀ
12. ਸੰਤ ਹਰਦੀਪ ਸਿੰਘ ਅਤੇ ਬੀਬੀ ਸੁਰਿੰਦਰ ਕੌਰ
13. ਸੁਵਰਗੀ ਅਜੈਬ ਸਿੰਘ ਦੇ ਪੁੱਤਰ ਪ੍ਰੇਮ ਸਿੰਘ
14. ਬੀਬੀ ਮਲਕਾ
15. ਸੰਤ ਪ੍ਰੀਤ ਸਿੰਘ ਮਲਹੋਤਰਾ
16. ਸੰਤ ਇੰਦਰ ਦਮਨ ਸਿੰਘ ਆਜ਼ਾਦ ਤੇ ਭਰਾ
17. ਬੀਬੀ ਹਰ ਸੰਤ ਕੌਰ
18. ਭੁਪਿੰਦਰ ਸਿੰਘ
19. ਸੰਤ ਇੰਦਰਪਾਲ ਸਿੰਘ ਅਤੇ ਚਰਨਵੀਰ ਸਿੰਘ

ਇਸੇ ਦੌਰਾਨ ਅਰਜਨ ਸਿੰਘ ਦੀ ਨਵੀਂ ਲਈ ਕਾਰ ਵਿਚ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਏ।

ਠੀਕ ਸ਼ਾਮੀ 5.30 ਵਜੇ ਸਤਿਗੁਰੂ ਜੀ ਦੀਆਂ ਕਾਰਾਂ ਦਾ ਕਾਫਲਾ ਗੁਰਦੁਆਰਾ ਸੋਏ ਅਸ਼ੋਕ ਵਿਖੇ ਪਹੁੰਚਿਆ। ਸੇਠ ਨਰੂਲਾ ਜੀ ਨੇ ਨਾਮ ਸਿਮਰਨ ਦੀ ਆਰੰਭਤਾ ਦੀ ਅਰਦਾਸ ਕੀਤੀ। 6.30 ਵਜੇ ਤਕ ਚਲੇ ਨਾਮ ਸਿਮਰਨ ਦੌਰਾਨ ਕਥਾ ਵਾਚਕ ਸੰਤ ਗੁਰਬਚਨ ਸਿੰਘ ਨੇ ਕਥਾ ਕੀਤੀ। ਅੱਜ ਦਾ ਮੇਲਾ ਸੂਬਾ ਮਹਿੰਦਰ ਕੌਰ ਗਿਆਨਣ ਦੀ ਯਾਦ ਵਿਚ ਉਹਨਾਂ ਦੇ ਪਰਿਵਾਰ ਵਲੋਂ ਕਰਵਾਇਆ ਜਾ ਰਿਹਾ ਸੀ ਤੇ ਸੰਤਾਂ ਨੇ ਕਥਾ ਦੀ ਟੇਕ ਵੀ ਫਰੀਦ ਜੀ ਦੀ ਤੁਕ - ***ਸਰਬ ਅੰਦਰ ਸਾਬਰੀ*** ਤੋਂ ਆਰੰਭ ਕੀਤੀ ਅਤੇ ਸਿਖ ਦੇ ਜੀਵਨ ਅੰਦਰ ਸਬਰ ਸੰਤੋਖ ਰਖ ਸਤਿਗੁਰੂ ਤੇ ਪ੍ਰੀਤ ਭਰੋਸੇ ਅਤੇ ਨਾਮ ਜਪਣ ਦੇ ਮਹੱਤਵ ਬਾਰੇ ਗੱਲ ਕੀਤੀ। ਪ੍ਰਭਾਵਸ਼ਾਲੀ ਕਥਾ ਤੋਂ ਬਾਅਦ 14 ਪਾਠਾਂ ਦੇ ਭੋਗ ਪਾਏ ਗਏ। ਨਾਮ ਸਿਮਰਨ ਤੋਂ ਬਾਅਦ ਅਜੀਤ ਸਿੰਘ ਸਟੇਜ ਸਕੱਤਰ ਨੇ ਸਤਿਗੁਰੂ ਜੀ ਦਾ ਤੇ ਬੀਬੀ ਗੁਰਸ਼ਰਨ ਕੌਰ ਜੀ ਦਾ ਥਾਈਲੈਂਡ ਦਰਸ਼ਨ ਦੇਣ ਗੁਰਦੁਆਰਾ ਦੀ ਸਮੂਹ ਕਮੇਟੀ ਅਤੇ ਸਾਧ ਸੰਗਤ ਵਲੋਂ ਧੰਨਵਾਦ ਕੀਤਾ। ਗੁਰਦੁਆਰੇ ਦੇ ਪ੍ਰਧਾਨ ਸੰਤ ਤਰਨ ਸਿੰਘ ਨੇ ਸਮੂਹ ਕਮੇਟੀ ਵਲੋਂ ਸਤਿਗੁਰੂ ਜੀ ਨੂੰ ਮਾਲਾ ਅਰਪਤ ਕਰ ਅਕੀਦਤ ਭੇਟ ਕੀਤੀ। ਦੌਰੇ ਤੇ ਨਾਲ ਆਏ ਰਾਗੀਆਂ ਕੀਰਤਨ ਕਰਦੇ ਸ਼ਬਦ ਗਾਇਨ ਕੀਤੇ-

***ਅਪਨੇ ਸੇਵਕ ਕੀ ਆਪੇ ਰਾਖੈ***
***ਆਪੇ ਨਾਮ ਜਪਾਵੈ।।***

**ਮਿਤੀ 4 ਦਸੰਬਰ 2016**

**ਆਸਾ ਦੀ ਵਾਰ ਦਾ ਕੀਰਤਨ-** 4.30 ਤੋਂ 6.30 ਵਜੇ ਤਕ ਹੋਇਆ। ਹਜ਼ੂਰੀ ਰਾਗੀ ਸ਼ਬਦ ਪੜ੍ਹੇ-

***ਸਾਚ ਕਹੋ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ***
***ਤਿਨ ਹੀ ਪ੍ਰਭਿ ਪਾਇਓ।।***

**ਨਾਮਧਾਰੀ ਵਿਦਿਅਕ ਸੰਮੇਲਨ ਥਾਈਲੈਂਡ-**

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਕਿਰਪਾ ਕਰਕੇ ਪਿਛਲੇ ਸਾਲ ਬੈਂਕੋਕ ਦੇ ਨੌਜਵਾਨਾਂ ਨੂੰ ਮੁੜ ਸਿਖੀ ਵਲ ਜੋੜਨ ਵਿਚ ਇਕ ਹੋਰ ਨਵਾਂ ਕਾਰਜ ਆਰੰਭਿਆ ਸੀ। ਅਗਸਤ ਮਹੀਨੇ 2015 ਵਿਚ ਬੈਂਕੋਕ ਵਿਖੇ ਪਹਿਲਾ ਸੰਮੇਲਨ ਕੀਤਾ ਗਿਆ ਸੀ ਜਿਸ ਵਿਚ 120 ਦੇ ਕਰੀਬ ਡੈਲੀਗੇਟਾਂ ਨੇ ਹਿੱਸਾ ਲਿਆ ਸੀ। ਪਹਿਲੀ ਵਾਰ ਹੋਏ ਸੰਮੇਲਨ ਵਿਚ ਸਿਰਫ ਗੁਰਮਤਿ ਨਾਲ ਜੁੜੀਆਂ ਪ੍ਰਤੀਯੋਗਤਾਵਾਂ ਅਤੇ ਸਿਖਿਆ ਹੀ ਦਿੱਤੀ ਗਈ ਸੀ। ਪਰ ਅੱਜ ਹੋਣ ਵਾਲੇ ਸੰਮੇਲਨ ਨੂੰ ਤਿੰਨ ਹਿੱਸਿਆ ਵਿਚ ਵੰਡਿਆ ਗਿਆ ਸੀ ਇਕ ਹਿੱਸਾ ਸੀ ਸਾਰੇ ਹੀ ਉਮਰ ਵਰਗ ਲਈ ਖੇਡ ਪ੍ਰਤੀਯੋਗਤਾਵਾਂ, ਦੂਜਾ ਹਿੱਸਾ ਸੀ ਸਬ ਜੂਨੀਅਰ ਅਤੇ ਸੀਨੀਅਰ ਨੌਜਵਾਨ ਲੜਕੇ ਲੜਕੀਆਂ ਦੀ ਤੀਸਰਾ ਹਿੱਸਾ ਦਿਵਾਨ ਅਤੇ ਕੀਰਤਨ ਰੂਪ ਵਿਚ ਬਿਨਾਂ ਮੁਕਾਬਲਿਆਂ ਦੀ ਪੇਸ਼ਕਾਰੀ।



**ਸ੍ਰੀ ਸਤਿਗੁਰੂ ਜੀ ਛੋਟੇ ਬੱਚੇ ਤੋਂ ਪਾਠ ਸੁਣਦੇ ਹੋਏ।**



**ਸ੍ਰੀ ਸਤਿਗੁਰੂ ਜੀ ਸੇਠ ਮਹਿਤਾਬ ਸਿੰਘ, ਬੀਬੀ ਕੰਵਲਜੀਤ ਕੌਰ ਦੇ ਗ੍ਰਹਿ ਵਿਖੇ ਦਰਸ਼ਨ ਦਿੰਦੇ ਹੋਏ।**

ਸਵੇਰੇ 8 ਵਜੇ ਤੋਂ ਹੀ ਮਾਡਰਨ ਇੰਟਰਨੈਸ਼ਨਲ ਸਕੂਲ ਬੈਂਕੋਕ ਦੇ ਮੇਨ ਗੇਟ ਅਗੇ ਪ੍ਰਬੰਧਕੀ ਵਿਭਾਗ ਨੇ ਅੱਜ ਦੇ ਸੰਮੇਲਨ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਦੀ ਰਜਿਸਟ੍ਰੇਸ਼ਨ ਕਰ ਡੈਲੀਗੇਟ ਕਾਰਡ ਬਣਾਉਣੇ ਆਰੰਭ ਕਰ ਦਿੱਤੇ। ਤਕਰੀਬਨ 150 ਤੋਂ ਵਧ ਨੌਜਵਾਨ ਲੜਕੇ ਲੜਕੀਆਂ ਦੇ ਰਜਿਸਟ੍ਰੇਸ਼ਨ ਹੋਏ।

ਸ੍ਰੀ ਸਤਿਗੁਰੂ ਜੀ ਨੇ ਤਕਰੀਬਨ 9.30 ਵਜੇ ਸਿਖਾਂ ਸੇਵਕਾਂ ਅਤੇ ਬੀਬੀ ਗੁਰਸ਼ਰਨ ਕੌਰ ਜੀ ਸਹਿਤ ਸਕੂਲ ਵਿਚ ਆਣ ਦਰਸ਼ਨ ਦਿੱਤੇ। ਸਤਿਗੁਰੂ ਜੀ ਦੇ ਨਾਲ ਸਕੂਲ ਅਤੇ ਗੁਰਦੁਆਰੇ ਦੀ ਕਮੇਟੀ ਦੇ ਪ੍ਰਬੰਧਕ ਵੀ ਪਹੁੰਚੇ। ਫੁਟਬਾਲ, ਵਾਲੀਵਾਲ, ਬੈਡਮਿੰਟਨ ਦੇ ਗਰਾਉਂਡ ਦੇ ਮੁੱਖ ਪ੍ਰਵੇਸ਼ ਤੇ ਲਗੇ ਸਵਾਗਤ ਰਿਬਨ ਨੂੰ ਕਟ ਸਤਿਗੁਰੂ ਜੀ ਗਰਾਉਂਡ 'ਚ ਸਜਾਏ ਆਪਣੇ ਆਸਣ ਤੇ ਸੁਭਾਏਮਾਨ ਹੋਏ। ਸਭ ਤੋਂ ਪਹਿਲਾਂ ਮਾਨ ਸਿੰਘ ਨੇ ਸਤਿਗੁਰੂ ਜੀ ਦੇ ਸੁਆਗਤ ਵਿਚ ਇੰਗਲਿਸ਼ ਅਤੇ ਥਾਈ 'ਚ ਦੋ ਸ਼ਬਦ ਕਹੇ ਅਤੇ ਅੱਜ ਦੀਆਂ ਖੇਡ ਪ੍ਰਤੀਯੋਗਤਾਵਾਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਤੋਂ ਬਾਅਦ ਮੰਗਲ ਸਿੰਘ ਨੇ ਪੰਜਾਬੀ ਵਿਚ ਸਤਿਗੁਰੂ ਜੀ ਨੂੰ ਇਸ ਪ੍ਰੋਗਰਾਮ ਦੀ ਪ੍ਰਵਾਨਗੀ ਦੇਣ ਅਤੇ ਇਸ ਵਿਚ ਦਰਸ਼ਨ ਦੇਣ ਲਈ ਧੰਨਵਾਦ ਦੇ ਸ਼ਬਦ ਕਹੇ। ਉਪਰੰਤ ਸਤਿਗੁਰੂ ਜੀ ਨੂੰ ਬੈਡਮਿੰਟਨ ਭੇਟ ਕੀਤਾ ਗਿਆ। ਉਦਘਾਟਨੀ ਰਸਮ ਵਜੋਂ ਸਤਿਗੁਰੂ ਜੀ ਨੇ ਆਪਣਾ ਸਦ ਉਪਦੇਸ਼ ਆਸ਼ੀਰਵਾਦ ਬਖਸ਼ਿਸ਼ ਕੀਤਾ। ਨੌਜਵਾਨਾਂ ਦੇ ਅਰਜ ਕਰਨ ਤੇ ਸ੍ਰੀ ਹਜ਼ੂਰ ਨੇ ਬੈਡਮਿੰਟਨ ਖੇਡਣਾ ਆਰੰਭ ਕੀਤਾ ਸਤਿਗੁਰੂ ਜੀ ਅਤੇ ਆਸਾ ਸਿੰਘ ਸੇਵਕ ਇਕ ਪਾਸੇ ਮਾਨ ਸਿੰਘ ਅਤੇ ਅਰਜਨ ਸਿੰਘ ਦੂਜੇ ਪਾਸੇ 5-7 ਮਿੰਟ ਖੇਡਣ ਉਪਰੰਤ ਸਤਿਗੁਰੂ ਜੀ ਨੇ ਖੇਡ ਪ੍ਰਤੀਯੋਗਤਾਵਾਂ ਆਰੰਭ ਕਰਨ ਦਾ ਆਦੇਸ ਦਿੱਤਾ। ਸਕੂਲ ਦੇ ਪਿਛਲੇ ਪਾਸੇ ਸ਼ੁਰੂ ਹੋਈ ਬਾਸਕੇਟਬਾਲ ਪ੍ਰਤੀਯੋਗਤਾਵਾਂ ਦੇਖ ਕੇ ਖੇਡਣ ਵਾਲੇ ਨੌਜਵਾਨਾਂ ਨੂੰ ਅਸ਼ੀਰਵਾਦ ਦਿੱਤਾ। ਬਾਸਕੇਟ ਬਾਲ ਤੋਂ ਬਾਅਦ ਸਤਿਗੁਰੂ ਜੀ ਨੇ ਫੁਟਬਾਲ ਤੇ ਟੇਬਲ ਟੈਨਿਸ ਦੇ ਚਲ ਰਹੇ ਮੈਚਾਂ ਵਲ ਵੀ ਝਾਤ ਮਾਰੀ ਅਤੇ ਡੇਰੇ ਜਾ ਆਰਾਮ ਕੀਤਾ।

**ਅੱਜ ਦੀਆਂ ਹੋਈਆਂ ਖੇਡ ਪ੍ਰਤੀਯੋਗਤਾਵਾਂ ਦਾ ਵੇਰਵਾ-**

**ਫੁਟਬਾਲ ਅਤੇ ਬਾਸਕੇਟਬਾਲ** ਨੌਜਵਾਨਾਂ ਲਈ ਉਮਰ ਵਰਗ 15 ਸਾਲ ਤਕ, 25 ਸਾਲ ਤਕ ਅਤੇ 25 ਸਾਲ ਤੋਂ ਉਪਰ। ਇਸ ਲਈ ਸਥਾਨਕ ਲੜਕੇ ਅਤੇ ਲੜਕੀਆਂ ਦੀਆਂ ਟੀਮਾਂ ਪਹਿਲਾਂ ਤੋਂ ਹੀ ਬਣੀਆਂ ਹੋਈਆਂ ਸਨ।

**ਟੇਬਲ ਟੈਨਸ** ਲੜਕੇ ਅਤੇ ਲੜਕੀਆਂ ਲਈ ਬਿਨਾਂ ਉਮਰ ਸੀਮਾਂ ਦੇ।

**ਤਲਵਾਰਬਾਜੀ** ਪੁਰਸ਼ ਉਮਰ ਵਰਗ 25 ਸਾਲ ਤੋਂ ਹੇਠਾਂ

**ਰੇਸ ਪ੍ਰਤੀਯੋਗਤਾ** 25 ਸਾਲ ਤੋਂ ਉਪਰ ਇਸਤਰੀਆਂ ਲਈ ਓਪਨ ਲੜਕੇ ਅਤੇ ਲੜਕੀਆਂ ਦੀਆਂ ਦੌੜਾਂ ਵੀ ਕਰਵਾਈਆਂ ਗਈਆਂ ਜਿਸ ਵਿਚ ਉਮਰ ਵਰਗ ਸੀ- 3-6 ਸਾਲ, 7-9 ਸਾਲ, 10-12 ਸਾਲ।

**ਤਿੰਨ ਟੰਗੀ ਦੌੜ-** 7-9, 10-12 ਸਾਲ।

**ਸਪੋਰਟਸ ਦੀਆਂ ਪ੍ਰਤੀਯੋਗਤਾਵਾਂ** ਦੇ ਪ੍ਰਬੰਧ ਅਤੇ ਜੱਜਮੈਂਟ ਦੀ ਸੇਵਾ ਨਿਭਾਈ- ਮਾਨ ਸਿੰਘ ਨਰੂਲਾ, ਹਰਜੀਤ ਸਿੰਘ ਨਰੂਲਾ (ਰਾਜੂ), ਗੁਰਦੇਵ ਸਿੰਘ ਸਚਦੇਵ, ਸਿਮਰ ਸਚਦੇਵ ਤੇ ਰਾਣੀ ਕੌਰ।


ਤਕਰੀਬਨ 12 ਵਜੇ ਤਕ ਸਾਰੀਆਂ ਖੇਡਾਂ ਬੜੇ ਸੁਚੱਜੇ ਢੰਗ ਨਾਲ ਸੰਪੂਰਨ ਹੋਈਆਂ। 12 ਤੋਂ 1 ਵਜੇ ਤਕ ਭੋਜਨ ਅਵਕਾਸ਼ ਤੋਂ ਬਾਅਦ ਧਾਰਮਿਕ ਪ੍ਰਤੀਯੋਗਤਾਵਾਂ ਦਾ ਸ਼ੈਸ਼ਨ ਸਕੂਲ ਦੇ ਅੰਦਰ ਬਣੇ ਹਾਲ ਕਮਰੇ ਵਿਚ ਹੋਇਆ।

ਧਾਰਮਿਕ ਪ੍ਰਤੀਯੋਗਤਾਵਾਂ ਦੇ ਸੈਸ਼ਨ ਦੀ ਸ਼ੁਰੂਆਤ ਹਰਪਾਲ ਸਿੰਘ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ ਅਤੇ ਬੀਬੀ ਨਿਹਾਲ ਕੌਰ ਨੀਤੀ ਦੀ ਦੇਖ ਰੇਖ ਹੇਠ 'ਚ ਹੋਈ। ਸਭ ਤੋਂ ਪਹਿਲਾਂ ਨੈਨਾ ਕੌਰ ਕਾਲਰਾ ਨੇ ਅੱਜ ਦੇ ਦਿਨ ਸ਼ੈਸ਼ਨ ਦੀ ਜਾਣਕਾਰੀ ਮੰਚ ਤੇ ਦਿਤੀ ਨਾਲ ਹੀ ਉਦਘਾਟਨੀ ਭਾਸ਼ਣ ਦਿੱਤਾ। ਜਿਸ ਤੋਂ ਬਾਅਦ ਉਮਰ ਵਰਗ 3-5 ਸਾਲ, 6-9 ਸਾਲ ਅਤੇ 10-15 ਸਾਲ ਨਾਮ ਸਿਮਰਨ ਪ੍ਰਤੀਯੋਗਤਾ ਹੋਈ। ਉਸ ਬਾਅਦ ਗੁਰਬਾਣੀ ਪਾਠ ਦੇ ਮੁਕਾਬਲੇ ਹੋਏ 3-5 ਸਾਲ ਵਰਗ ਦੇ ਜਪੁਜੀ ਸਾਹਿਬ ਦੀ ਪਹਿਲੀ ਪਉੜੀ, 6 ਤੋਂ 9 ਸਾਲ ਤਕ ਦੂਜੀ ਪਉੜੀ ਤਕ, 10-15 ਸਾਲ ਤਕ ਦੀ 5 ਪਉੜੀਆਂ ਦੇ ਸ਼ੁੱਧ ਉਚਾਰਣ ਦੀ ਪ੍ਰਤੀਯੋਗਤਾ ਹੋਈ। 6-9 ਸਾਲ ਤੇ 10-15 ਸਾਲ ਤਕ ਦੀ ਉਮਰ ਦੇ ਅਰਦਾਸ ਮੁਕਾਬਲੇ ਹੋਏ। 3 ਤੋਂ 5 ਸਾਲ ਤਕ ਦੇ ਬੱਚਿਆਂ ਤੋਂ ਗੁਰੂਆਂ ਦੇ ਨਾਮ ਸੁਣੇ ਗਏ। ਅਤੇ 5 ਕਕਾਰਾਂ ਦੀ ਪਛਾਣ ਦੀ ਪ੍ਰਤੀਯੋਗਤਾ ਹੋਈ। 6 ਤੋਂ 9 ਸਾਲ ਵਰਗ ਦੀ ਅਤੇ 10-15 ਸਾਲ ਦੀ ਉਮਰ ਵਰਗ 'ਚ ਹੋਰ ਹੋਈਆਂ ਪ੍ਰਤੀਯੋਗਤਾਵਾਂ ਸਨ-

ਨਾਮਧਾਰੀ ਪੰਥ ਨਾਲ ਜੁੜੀਆਂ ਇਤਿਹਾਸਕ ਪ੍ਰਤੀਯੋਗਤਾਵਾਂ ਦੀ ਪਛਾਣ, ਗੁਰਮਤਿ ਸੰਗੀਤ ਨਾਲ ਜੁੜੇ ਸਾਜ਼ਾਂ ਦੀ ਪਛਾਣ, ਪੰਜਾਬੀ ਭਾਸ਼ਾ ਨਾਲ ਜੁੜੀ ਪ੍ਰਤੀਯੋਗਤਾ ਅਤੇ ਇਤਿਹਾਸਕ ਕੁਵਿਜ਼। ਨਾਮ ਸਿਮਰਨ ਪ੍ਰਤੀਯੋਗਤਾ ਤੋਂ ਬਾਅਦ ਹਰਪਾਲ ਸਿੰਘ ਨੇ ਪੰਜਾਬੀ ਭਾਸ਼ਾ ਵਿਚ **(ਬਾਕੀ ਸਫਾ 4 'ਤੇ)**

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਨਾਮ ਜਪਣ ਤੋਂ ਰਸਨਾ ਵਿਹਲੀ ਨਾ ਰਵ੍ਹੇ



ਅੰਮ੍ਰਿਤ ਵੇਲੇ ਦਾ ਉਠਣਾ, ਬਹੁਤ ਘਟ ਗਿਐ ਸਾਡੇ ਵਿਚੋਂ, ਇਹ ਦੁਬਾਰਾ ਚਾਲੂ ਕਰੋ। ਸਾਡਾ ਨਾਂ 'ਨਾਮਧਾਰੀ' ਸਤਿਗੁਰਾਂ ਨੇ ਰਖਿਐ। ਮੇਰਾ ਨਹੀਂ ਖਿਆਲ ਕਿ ਜਿੰਨੇ ਅਸੀਂ ਏਥੇ ਬੈਠੇ ਹਾਂ, ਉਹਨਾਂ ਵਿਚੋਂ ਸਾਰਾ ਦਿਨ ਕੋਈ ਨਾਮ ਜਪਦਾ ਹੋਵੇ। ਇਕ ਘੰਟਾ ਨਾਮ ਜਪਣ ਨੂੰ ਵੀ ਜੀਅ ਨਹੀਂ ਕਰਦਾ। ਇਕ-ਇਕ ਘੰਟਾ ਨਾਮ ਸਿਮਰਨ ਹਰ ਜੀਅ ਪ੍ਰਤੀ ਪੱਕਾ ਕਰੋ ਸਾਰੇ ਜਣੇ। ਜਿਸ ਵੇਲੇ ਤੁਸੀਂ ਖਰਾਦ ਦਾ ਕੰਮ ਕਰਦੇ ਹੋ, ਦੁਕਾਨ ਵਿਚ ਵਿਹਲੇ ਬੈਠੇ ਹੁੰਦੇ ਹੋ, ਕਾਰ ਵਿਚ ਜਾਂਦੇ ਹੋ, ਸਾਈਕਲ ਤੇ ਜਾਂਦੇ ਹੋ, ਪੈਦਲ ਜਾਂਦੇ ਹੋ, ਉਸ ਵੇਲੇ ਵੀ ਨਾਮ ਜਪਿਆ ਕਰੋ, ਰਸਨਾ ਹਿਲਾ ਕੇ, ਰਸਨਾ ਕਿਸੇ ਵੇਲੇ ਵੀ ਵਿਹਲੀ ਨਾ ਰਵ੍ਹੇ।

## ਬੱਚਿਆਂ ਨੂੰ ਨਾਮ ਸਿਮਰਨ ਦੀ ਜਾਚ ਦਸੋ


ਆਪੋ ਆਪਣੇ ਘਰਾਂ ਵਿਚ ਬੈਠ ਕੇ ਬੱਚਿਆਂ ਨੂੰ ਨਾਲ ਬਿਠਾ ਕੇ ਨਾਮ ਸਿਮਰਨ ਕਰਿਆ ਕਰੋ। ਜਿਵੇਂ ਰੋਟੀ ਖਾਣ ਦੀ ਜਾਚ ਦੱਸਦੇ ਹੋ, ਕੱਪੜੇ ਪਾਣ ਦੀ ਜਾਚ ਦੱਸਦੇ ਹੋ, ਜਿਵੇਂ ਸਕੂਲੇ ਜਾਣ ਦੀ ਜਾਚ ਦੱਸਦੇ ਹੋ-ਨਾਮ ਸਿਮਰਨ ਕਰਨ ਦੀ ਜਾਚ ਵੀ ਬੱਚਿਆਂ ਨੂੰ ਦੱਸਿਆ ਕਰੋ।

## ਚੰਡੀ ਦੀ ਵਾਰ ਦਾ ਪਾਠ ਜ਼ਰੂਰ ਕਰੋ

ਚੰਡੀ ਦੀ ਵਾਰ ਦਾ ਮਹਾਤਮ ਬਹੁਤ ਲਿਖਿਐ ਸਤਿਗੁਰਾਂ ਦੇ ਹੁਕਮਨਾਮੇ ਵਿਚ। ਮੈਂ ਤੁਹਾਨੂੰ ਅਰਜ਼ ਕਰਨੀ ਹੈ, ਚੰਡੀ ਦੀ ਵਾਰ ਦਾ ਪਾਠ ਸਾਰੇ ਜ਼ਰੂਰ ਕਰਿਆ ਕਰੋ। ਚੰਡੀ ਦੀ ਵਾਰ ਦੇ ਪਾਠ ਦੇ ਭੋਗ ਦੀ ਅਰਦਾਸ ਸੂਰਜ ਦੀ ਟਿੱਕੀ ਨਿਕਲਣ ਦੇ ਨਾਲ ਹੋ ਜਾਵੇ।

# ਉਪਦੇਸ਼ ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਅਸੀਂ ਸਿੱਖਾਂ ਦੀਆਂ ਕਦਰਾਂ ਕੀਮਤਾਂ ਨੂੰ ਨਾ ਭੁਲੀਏ



ਸਾਧ ਸੰਗਤ ਜੀ ਇਕ ਵਾਰੀ ਮਨ ਬਿਰਤੀ ਇਕਾਗਰ ਕਰੋ ਰਸਨਾ ਪਵਿੱਤਰ ਕਰੋ ਸਾਰੇ ਬੜੇ ਪਿਆਰ ਨਾਲ ਗਜ ਕੇ ਆਖੋ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ।

ਜਿਨਾਂ ਨੇ ਸੇਵਾ ਕੀਤੀ ਹੈ ਸਾਰਿਆਂ ਦਾ ਧੰਨਵਾਦ ਹੈ। ਖਾਸ ਤੌਰ ਤੇ ਇਸ ਵਾਰ ਸੰਗਤ ਬਹੁਤ ਜ਼ਿਆਦਾ ਗਿਣਤੀ ਵਿਚ ਆਈ ਹੈ। ਜਦੋਂ ਤੁਸੀਂ ਆਉਂਦੇ ਹੋ, ਸਵੇਰੇ ਉਠਦੇ ਹੋ, ਮੇਰੇ ਵਰਗੇ ਦੀ ਵੀ ਲੱਗੀ ਸੇਵਾ ਸਾਰਥਕ ਹੁੰਦੀ ਹੈ ਜਦੋਂ ਤੁਸੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸਾਏ ਰਾਹ ਤੇ ਚਲਦੇ ਹੋ।

ਅਸੀਂ ਸਿਖਾਂ ਦੀਆਂ ਕਦਰਾਂ ਕੀਮਤਾਂ ਨੂੰ ਨਾ ਭੁਲੀਏ। ਕਿਡਾ ਵਧੀਆ ਧਰਮ ਹੈ। ਸਤਿਗੁਰੂ ਨਾਨਕ ਦੇਵ ਜੀ ਦੇ ਇਕ ਸਿਖ ਹੋਣ ਦੇ ਨਾਤੇ ਕਿਡੇ ਮਾਣ ਵਾਲੀ ਗਲ ਹੈ ਕਿ ਅਸੀਂ ਉਸ ਧਰਮ ਦਾ ਹਿੱਸਾ ਹਾਂ ਜਿਸ ਵਿਚ ਸਰਬਤ ਦਾ ਭਲਾ ਮੰਗਿਆ ਜਾਂਦਾ ਹੈ। ਸ਼ਾਇਦ ਇਸ ਧਰਮ ਤੋਂ ਇਲਾਵਾ ਕਿਸੇ ਹੋਰ ਧਰਮ ਵਿਚ ਸਭਦੇ ਭਲੇ ਦੀ ਮੰਗ ਨਹੀਂ ਕੀਤੀ ਜਾਂਦੀ। ਅਸੀਂ ਸਾਰੇ ਤਗੜੇ ਹੋ ਕੇ ਇਕ ਕਦਮ ਹੋਰ ਉਤਾਂਹ ਹੋ ਕੇ ਇਕ ਦੂਜੇ ਨੂੰ ਨਾਲ ਲੈ ਕੇ ਅਧਿਆਤਮ ਦੇ ਰਸਤੇ ਅਗੇ ਵਧੀਏ। ਇਕ ਇਕ ਕਦਮ ਹੋਰ ਉਤਾਂਹ ਨੂੰ ਚਲੀਏ। ਮੈਂ ਸਾਰਿਆਂ ਦਾ ਭਾਰਤ ਤੋਂ ਆਈ ਸੰਗਤ ਵਲੋ ਧੰਨਵਾਦ ਕਰਦਾ ਹਾਂ।

– ਦਸੰਬਰ 2016, ਬੈਂਕੋਕ

# ਸਤਿਗੁਰੂ ਜੀ ਦਾ ਥਾਈਲੈਂਡ ਦੌਰਾ....(ਬਾਕੀ ਸਫਾ 2 ਦੀ)



**ਸ੍ਰੀ ਸਤਿਗੁਰੂ ਜੀ ਵਲੋਂ ਸੰਤ ਗੁਰਦੇਵ ਸਿੰਘ ਦੇ ਪਰਿਵਾਰ ਤੇ ਕਿਰਪਾ।**

ਨਾਮ ਸਿਮਰਨ ਕਰਨ ਬਾਰੇ ਅਤੇ ਪੰਜ ਕਕਾਰਾਂ ਦੇ ਮਹੱਤਵ ਬਾਰੇ ਜਾਣਕਾਰੀ ਦਿਤੀ। ਜਿਸ ਦਾ ਥਾਈ ਭਾਸ਼ਾ ਵਿਚ ਮੰਗਲ ਸਿੰਘ ਨੇ ਅਨੁਵਾਦ ਕੀਤਾ। ਉਪਰੋਕਤ ਪ੍ਰਤੀਯੋਗਤਾਵਾਂ ਦੀ ਜਜਮੈਂਟ ਤੇ ਸਿਖਲਾਈ ਕਰਵਾਉਣ ਵਾਲੇ ਸਨ- ਸੂਬਾ ਬਲਵਿੰਦਰ ਸਿੰਘ ਝੱਲ, ਸੁਖਵਿੰਦਰ ਸਿੰਘ ਲਾਇਲ, ਗੁਰਤੇਜ ਸਿੰਘ, ਤਰਲੋਕ ਸਿੰਘ ਯਮੁਨਾ ਨਗਰ ਤੇ ਬੈਂਕੋਕ ਤੋਂ ਬੀਬੀ ਰਾਣੀ ਆਦਿ। ਇਸੇ ਸਮੇਂ ਵਿਚ ਸ੍ਰੀ ਸਤਿਗੁਰੂ ਜੀ ਨੇ ਦੁਬਾਰਾ ਆਣ ਦਰਸ਼ਨ ਦਿੱਤੇ ਅਤੇ 6-9 ਅਤੇ 10-15 ਸਾਲ ਦੀ ਉਮਰ ਵਰਗ ਦੀ ਭਾਸ਼ਣ ਪ੍ਰਤੀਯੋਗਤਾ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਈ। ਜਿਸ ਦੇ ਜੱਜ ਸਨ ਸੁਖਵਿੰਦਰ ਸਿੰਘ ਲਾਇਲ ਅਤੇ ਸੰਤ ਗੁਰਬਚਨ ਸਿੰਘ। ਇਸ ਸ਼ੈਸ਼ਨ ਤੋਂ ਬਾਅਦ ਤੀਜਾ ਸ਼ੈਸ਼ਨ ਆਰੰਭ ਹੋਇਆ। ਜਿਸ ਵਿਚ ਬੈਂਕੋਕ ਦੇ ਵਸਨੀਕ ਨੌਜਵਾਨ ਲੜਕੇ ਲੜਕੀਆਂ ਦੀ ਕਿਸੇ ਨਾ ਕਿਸੇ ਰੂਪ ਵਿਚ ਪੇਸ਼ਕਾਰੀ ਹੋਣੀ ਸੀ। ਸਭ ਤੋਂ ਪਹਿਲਾਂ ਇਕ ਨਾਟਕ ਮੰਚਨ ਹੋਇਆ, ਫਿਰ ਸਿਮਰਨ ਅਤੇ ਦਿਵਾਨ।

**ਨਾਟਕ ਮੰਚਨ-**

ਇਹਨਾਂ ਨੌਜਵਾਨਾਂ ਵਲੋਂ ਇਕ ਬੜਾ ਸੁੰਦਰ ਨਾਟਕ ਖੇਡਿਆ ਗਿਆ। ਜਿਸ ਦਾ ਟਾਈਟਲ ਸੀ ***'ਮਿਲ ਮੇਰੇ ਪ੍ਰੀਤਮਾ ਜੀਓ'*** ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਤੋਂ ਬਾਅਦ ਦਰਬਾਰਾ ਸਿੰਘ ਦੇ ਰੰਗੂਨ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੀ ਭਾਲ ਕਰ, ਦਰਸ਼ਨ ਕਰ ਅਤੇ ਪਹਿਲਾ ਹੁਕਮਨਾਮਾ ਲਿਆਉਣ ਦਾ ਇਤਿਹਾਸ ਇਸ ਨਾਟਕ ਰਾਹੀਂ ਦਰਸਾਇਆ ਗਿਆ।

ਨਾਟਕ ਮੰਚ ਦੌਰਾਨ ਕੁਝ ਦ੍ਰਿਸ਼ ਭਾਵੁਕ ਕਰ ਦੇਣ ਵਾਲੇ ਸਨ ਖਾਸ ਕਰਕੇ ਜਦੋਂ ਦਰਬਾਰਾ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਵਿਖੇ ਜਾਕੇ ਦਰਸ਼ਨ ਕਰਦਾ ਹੈ ਅਤੇ ਨਾਟਕ ਵਿਚ ਅਖੀਰੀ ਦਿੱਤਾ ਸੁਨੇਹਾ ਵੀ ਬਹੁਤ ਖੂਬਸੂਰਤ ਸੀ ਕਿ ਭਾਵੇਂ ਕੁਝ ਵੀ ਹੋ ਜਾਵੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਅਵਸ਼ ਹੀ ਹੋਣਗੇ ਅਤੇ ਸਾਨੂੰ ਸਾਰਿਆਂ ਨੂੰ ਹਾਜ਼ਰਾ ਹਜ਼ੂਰ ਸਤਿਗੁਰੂ ਜੀ ਦੇ ਹੁਕਮਾਂ ਦਾ ਪਾਲਣ ਕਰਦਿਆਂ ਸਿਖੀ ਜੀਵਨ ਨਿਰਵਾਹ ਕਰਦਿਆਂ ਸਤਿਗੁਰੂ ਰਾਮ ਸਿੰਘ ਜੀ ਦਾ ਉਡੀਕਵਾਨ ਰਹਿਣਾ ਚਾਹੀਦਾ ਹੈ। ਨਾਟਕ ਦੀ ਸਮਾਪਤੀ ਬਾਅਦ ਸਤਿਗੁਰੂ ਜੀ ਨੇ ਨਾਟਕ ਖੇਡਣ ਵਾਲੀ ਸਾਰੀ ਟੀਮ ਦੀ ਸਰਾਹਨਾ ਕੀਤੀ ਅਤੇ ਇਸ ਉਦਮ ਦੀ ਸਾਬਾਸ਼ ਬਖਸ਼ਿਸ਼ ਕੀਤੀ।

ਨਾਟਕ ਦੀ ਸਮਾਪਤੀ ਤੋਂ ਬਾਅਦ ਇਕ ਘੰਟਾ ਨਾਮ ਸਿਮਰਨ ਹੋਇਆ ਜਿਸ ਵਿਚ ਬੱਚਿਆਂ ਨੇ ਸ਼ਬਦ ਕੀਰਤਨ ਕੀਤਾ ਅਤੇ ਹੱਲੇ ਦੇ ਦਿਵਾਨ ਸਜਾਏ।

ਨਾਮ ਸਿਮਰਨ ਦੀ ਸਮਾਪਤੀ ਬਾਅਦ ਪ੍ਰਬੰਧਕਾਂ ਵਲੋਂ ਸ੍ਰੀ ਸਤਿਗੁਰੂ ਜੀ ਨੂੰ 200 ਸਾਲਾ ਮੋਮੈਂਟੋ ਭੇਟ ਕੀਤਾ ਗਿਆ ਅਤੇ ਬੀਬੀ ਕੰਵਲਜੀਤ ਕੌਰ ਦੁਆਰਾ ਬੀਬੀ ਗੁਰਸ਼ਰਨ ਕੌਰ ਜੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁੰਦਰ ਤਸਵੀਰ ਵਾਲਾ ਮੋਮੈਂਟੋ ਭੇਟ ਕੀਤਾ ਗਿਆ। ਸਭ ਤੋਂ ਪਹਿਲਾਂ ਅੱਜ ਦੀਆਂ ਪ੍ਰਤੀਯੋਗਤਾਵਾਂ ਦੇ ਜੇਤੂ ਬੱਚਿਆਂ ਨੂੰ ਪਹਿਲੀ, ਦੂਜੀ, ਤੀਜੀ ਸ਼੍ਰੇਣੀ ਦੇ ਹਿਸਾਬ ਨਾਲ ਸਤਿਗੁਰੂ ਜੀ ਨੇ ਟਰਾਫੀਆਂ ਦਿੱਤੀਆਂ। ਉਸ ਤੋਂ ਬਾਅਦ ਸਾਰੇ ਹੀ ਪਾਰਟੀਸੀਪੈਂਟਸ ਨੂੰ ਮੈਨੇਜਮੈਂਟ ਵਲੋਂ ਲਿਆਂਦੇ ਮੈਡਲ ਸਤਿਗੁਰੂ ਜੀ ਨੇ ਬਖਸ਼ਿਸ਼ ਕੀਤੇ।

### ਮਿਤੀ 5 ਦਸੰਬਰ 2016

ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਆਸਾ ਦੀ ਵਾਰ ਦਾ ਕੀਰਤਨ 4.30 ਵਜੇ ਤੋਂ 6.30 ਵਜੇ ਤਕ ਗੁਰਦੁਆਰਾ ਸੋਏ ਅਸ਼ੋਕ ਵਿਖੇ ਹੋਇਆ, ਬੋਲ ਸਨ-

***ਗੁਰੁ ਗੁਰੁ ਗੁਰ ਕਰਿ ਮਨ ਮੋਰ***
***ਗੁਰੂ ਬਿਨਾ ਮੈ ਨਾਹੀ ਹੋਰ।।***

ਚਾਰ ਪਾਠਾਂ ਦੇ ਭੋਗ ਪਾਏ ਗਏ। ਅੱਜ ਸਵੇਰ ਤੇ ਸ਼ਾਮ ਦਾ ਮੇਲਾ ਸਤਿਗੁਰੂ ਜਗਜੀਤ ਸਿੰਘ ਜੀ ਦੇ 97ਵੇਂ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ ਸੀ। ਗੁਰਦੁਆਰੇ ਹੋ ਸਤਿਗੁਰੂ ਜੀ ਤਿੰਨ ਗੱਡੀਆਂ ਦੇ ਕਾਫਲੇ 'ਚ ਸਿਖਾਂ ਦੇ ਘਰਾਂ 'ਚ ਚਰਨ ਪਾਉਣ ਤੁਰੇ। ਵੇਰਵਾ-

1. ਸੁਰੈਣ ਸਿੰਘ
2. ਸੰਤ ਗੁਰਦਿਆਲ ਸਿੰਘ
3. ਬੀਬੀ ਤਰਨਜੀਤ
4. ਬਿਰਧ ਅਵਸਥਾ ਅਤੇ ਅਸਵਸਥ ਸੰਤ ਰਤਨ ਸਿੰਘ
5. ਸੰਤ ਹਰਮੀਤ ਸਿੰਘ ਸਚਦੇਵ
6. ਸੰਤ ਸੰਤੋਖ ਸਿੰਘ
7. ਸ. ਨਾਨਕ ਸਿੰਘ
8. ਚੰਨ ਜੀ
9. ਸੰਤ ਗੁਰਮੀਤ ਸਿੰਘ ਰੀਬੀਰ
10. ਸੰਤ ਕੇਹਰ ਸਿੰਘ ਮਲਹੋਤਰਾ ਤੇ ਬਲਬੀਰ ਕੌਰ
11. ਬੀਬੀ ਕਿਰਨ (ਦੋਹਤਰੀ ਰਾਮਪੁਰੀ ਜੀ)
12. ਗੁਰਮੇਲ ਸਿੰਘ ਰੀਬੀਰ (ਡਾ. ਨਰਿੰਦਰਪਾਲ ਸਿੰਘ ਦੇ ਮਾਤਾ ਜੀ) ਘਰ
13. ਕੁਲਦੀਪ ਸਿੰਘ ਰੀਬੀਰ
14. ਡਾ. ਇੰਦਰਜੀਤ ਸਿੰਘ ਘਰ ਇਹਨਾਂ ਦੀ ਬਿਰਧ ਮਾਤਾ ਨੂੰ ਦਰਸ਼ਨ ਦਿੱਤੇ।
15. ਸੰਤ ਮਨਜੀਤ ਸਿੰਘ
16. ਬੀਬੀ ਨਿਹਾਲ ਕੌਰ ਭਾਵ ਬੀਬੀ ਨੀਤੀ ਅਤੇ ਰਾਜੂ

ਇਹਨਾਂ ਘਰਾਂ ਵਿਚ ਚਰਨ ਪਾ ਕੇ ਸਤਿਗੁਰੂ ਜੀ ਪਹਿਲਾਂ ਡੇਰੇ ਰਾਮਾ 9 ਵਿਚ ਬੜੀ ਵੱਡੀ ਅਤੇ ਖੂਬਸੂਰਤ ਪਾਰਕ ਵਿਚ ਜਾ ਸੈਰ ਅਤੇ ਸਰੀਰਕ ਸਾਂਭ ਲਈ ਦੌੜ ਕੀਤੀ। ਬੀਬੀ ਗੁਰਸ਼ਰਨ ਕੌਰ ਦੇ ਨਾਲ ਬੀਬੀ ਕਵਲਜੀਤ ਤੇ ਬੀਬੀ ........ ਨੇ ਨਾਲ ਤੁਰਨਾ ਆਰੰਭ ਕੀਤਾ। ਅਸੀਂ ਸ੍ਰੀ ਹਜ਼ੂਰ ਨਾਲ ਕਦਮ ਨਾਲ ਕਦਮ ਰਲਾਉਣ ਦੀ ਕੋਸ਼ਿਸ਼ ਕੀਤੀ ਤਕਰੀਬਨ 40 ਮਿੰਟਾਂ ਬਾਅਦ ਵਾਪਿਸ ਡੇਰੇ ਪਹੁੰਚੇ। ਸ੍ਰੀ ਹਜ਼ੂਰ ਬਚਨਾਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਹੀ ਚਰਚਾ ਕੀਤੀ।

ਠੀਕ 10.45 ਵਜੇ ਪ੍ਰੀਤ ਜੀ ਦੀ ਗੱਡੀ ਤੇ ਸਵਾਰ ਹੋ ਮਹਿੰਦਰ ਸਿੰਘ ਕੇ. ਐਸ. ਘਰ ਜਾ ਦਰਸ਼ਨ ਦਿੱਤੇ। ਪਰਿਵਾਰ ਨੇ ਨਿਜੀ ਸੰਬਧੀਆਂ ਸਹਿਤ ਸਤਿਗੁਰੂ ਜੀ ਦਾ ਸ਼ਰਧਾ ਪੂਰਵਕ ਸਵਾਗਤ ਕੀਤਾ। ਭਾਰਤ ਤੋਂ ਆਈ ਸੰਗਤ ਸਹਿਤ ਸਤਿਗੁਰੂ ਜੀ, ਬੀਬੀ ਜੀ ਅਤੇ ਸੇਵਕਾਂ ਨੇ ਪ੍ਰਸ਼ਾਦਾ ਛਕ ਪ੍ਰਵਾਰ ਦੀ ਸੇਵਾ ਪ੍ਰਵਾਨ ਕੀਤੀ। ਸਤਿਗੁਰੂ ਜੀ ਨੇ ਸੰਤ ਗੁਰਬਚਨ ਸਿੰਘ ਅਤੇ ਬੈਂਕੋਕ ਦੀ ਸਾਧ ਸੰਗਤ ਨਾਲ ਬਚਨ ਬਿਲਾਸ ਕਰਨੇ ਆਰੰਭ ਕੀਤੇ ਕਿ ਮਨ ਦੀ ਅਵਸਥਾ ਨੂੰ ਕਿਸ ਤਰ੍ਹਾਂ ਨਿਰਮਲ ਕੀਤਾ ਜਾ ਸਕਦਾ ਹੈ। ਨਾਲ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਨਾਮਧਾਰੀ ਸੰਗਤ ਤੇ ਕੀਤੀਆਂ ਬਖਸ਼ਿਸ਼ਾਂ ਬਾਰੇ ਵੀ ਬਚਨ ਕੀਤੇ। ਨਾਲ ਹੀ ਸਤਿਗੁਰੂ ਜੀ ਨੇ ਰਾਗੀ ਸ਼ਾਮ ਸਿੰਘ, ਸੁਰਮੁਖ ਸਿੰਘ ਨੂੰ ਅਜ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਾਣੇ ਹਲੇ ਦਾ ਦਿਵਾਨ ਸਜਾਉਣ ਲਈ ਹੁਕਮ ਕੀਤਾ।

ਇਥੋਂ ਚਲਕੇ ਸਤਿਗੁਰੂ ਜੀ ਨੇ ਜਗਜੀਤ ਸਿੰਘ ਖਰਬੰਦਾ ਦੇ ਘਰ ਦਰਸ਼ਨ ਦਿੱਤੇ। ਸਤਿਗੁਰੂ ਜੀ ਜਗਜੀਤ ਸਿੰਘ ਖਬਰੰਦਾ ਨੂੰ ਜੀ. ਕੇ. ਆਖ ਬੁਲਾਇਆ ਕਰਦੇ ਸੀ, ਖਰਬੰਦਾ ਜੀ ਸੂਬਾ ਮਹਿੰਦਰ ਸਿੰਘ ਕਾਨ੍ਹਪੁਰ ਵਾਲਿਆਂ ਦੇ ਪੁਤਰ ਅਤੇ ਸੇਠ ਸੁਰਅੰਮ੍ਰਿਤ ਸਿੰਘ ਦੇ ਸਭ ਤੋਂ ਛੋਟੇ ਭਣਵਈਏ ਹਨ। ਸਤਿਗੁਰੂ ਜੀ ਨੇ ਸਾਰੇ ਪਰਿਵਾਰ ਨੂੰ ਕੋਲ ਬਿਠਾ ਕੇ ਸਿਖੀ 'ਚ ਚਲਣ ਦੇ ਉਪਦੇਸ਼ ਅਤੇ ਭਰਪੂਰ ਸਨੇਹ ਦਿੱਤਾ। ਡੇਰੇ ਤੇ ਆਣ ਸਤਿਗੁਰੂ ਜੀ ਨੇ ਬੈਂਕੋਕ ਦੇ ਨੌਜਵਾਨਾਂ ਨਾਲ ਇਕ ਐਸੀ ਬੈਠਕ ਕੀਤੀ ਜਿਸ ਵਿਚ ਆਧੁਨਿਕ ਤਰੀਕੇ ਨਾਲ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਸਿੱਖੀ ਫਲਸਫੇ ਦੀ ਚਰਚਾ ਕੀਤੀ।

ਸ਼ਾਮ 5.30 ਤੋਂ 6.30 ਤਕ ਨਾਮ ਸਿਮਰਨ ਦੌਰਾਨ ਸੰਤਾਂ ਨੇ ਕਥਾ ਕੀਤੀ। ਸੰਤਾਂ ਦੀ ਕਥਾ ਦਾ ਸਾਰ ਸੀ- ਅਹਿਮ ਅਹੰਕਾਰ ਛੱਡ ਕੇ ਗੁਰੂ ਧਾਰਨ ਕਰੀਏ ਤੇ ਕਦੇ ਵੀ ਸਤਿਗੁਰੂ ਤੇ ਸ਼ੰਕਾ ਨਾ ਕਰੀਏ। ਸੰਤਾਂ ਨੇ ਦੱਸਿਆ ਕਿ ਜਦੋਂ ਕੋਈ ਮਨੁੱਖ ਗੁਰੂ ਧਾਰਨ ਕਰਦਾ ਹੈ ਉਸਦਾ ਦੂਸਰਾ ਜਨਮ ਹੁੰਦਾ ਹੈ ਜਿਸਨੂੰ ਦਵੀਜ਼ ਕਹਿੰਦੇ ਹਨ ਅਤੇ ਉਹ ਆਪਣੇ ਪਾਪਾਂ ਕਰਮਾਂ ਤੋਂ ਨਿਵਰਤ ਹੋ ਕੇ ਮੋਕਸ਼ ਪ੍ਰਾਪਤ ਕਰ ਸਕਦਾ ਹੈ। ਪਰ ਅਹਿਮ ਨੂੰ ਤਿਆਗ ਕੇ ਅਤੇ ਸਤਿਗੁਰੂ ਤੇ ਪੂਰਨ ਭਰੋਸਾ ਰਖ ਕੇ। ਸੰਤਾਂ ਦੀ ਕਥਾ ਦੀ ਟੇਕ ਸੀ-

***ਸਾਜਨੋ ਤੂੰ ਮੀਤੁ ਮੇਰਾ।।***

ਨਾਮ ਸਿਮਰਨ ਅਤੇ ਕਥਾ ਤੋਂ ਬਾਅਦ ਸਵਰਨ ਸਿੰਘ ਸਚਦੇਵ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਅਵਸਰ ਤੇ ਦੋ ਕਵਿਤਾਵਾਂ ਪੜ੍ਹੀਆਂ।

- *ਕਾਗਾ ਨਹੀਂ ਛੂਨਾ*
  *ਨਹੀਂ ਛੂਨਾ ਏਨਾ ਨੈਣਾ ਨੂੰ*
  *ਇਹਨਾਂ ਨੈਣਾਂ ਵਿਚ*
  *ਗੁਰੂ ਜਗਜੀਤ ਵਸਦਾ।*
- *ਗੁਰੂ ਜਗਜੀਤ ਮੇਰਾ ਏ*
  *ਸੋਮਾ ਪਿਆਰ ਦਾ।*

ਰਾਗੀ ਸ਼ਾਮ ਸਿੰਘ, ਸੁਰਮੁਖ ਸਿੰਘ ਨੇ ਹਲੇ ਦਾ ਦਿਵਾਨ ਸਜਾਇਆ। ਹਰਵਿੰਦਰ ਸਿੰਘ, ਬਲਵੰਤ ਸਿੰਘ ਨੇ ਸਾਜ ਵਜਾ ਕੇ ਸਾਥ ਦਿੱਤਾ। ਦਿਵਾਨ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਕੀਤੀਆਂ ਬਖਸ਼ਿਸ਼ਾਂ ਬਾਰੇ ਚਾਨਣਾ ਪਾਇਆ। ਸਤਿਗੁਰੂ ਜਗਜੀਤ ਸਿੰਘ ਜੀ ਨਾਲ ਜੁੜੇ ਸੰਗੀਤ ਦੇ ਪ੍ਰਸੰਗ ਸੁਣਾਏ। ਇਹਨਾਂ ਦੇ ਦਿਵਾਨ ਦੀ ਟੇਕ ਸੀ-

***ਤੂੰ ਬੇਅੰਤ ਤੇਰੀ ਮਿਤ ਨਹੀਂ ਪਾਈਐ।।***

### ਮਿਤੀ 6 ਦਸੰਬਰ 2016

ਆਸਾ ਦੀ ਵਾਰ ਦਾ ਕੀਰਤਨ ਅਜ ਡੇਰੇ ਹੀ ਹੋਇਆ। 4.30 ਤੋਂ 6.30 ਤਕ ਲਗੀ ਵਾਰ ਵਿਚ ਸ਼ਬਦ ਪੜ੍ਹੇ-

- ***ਹੇ ਗੋਵਿੰਦ ਹੇ ਗੋਪਾਲ***
  ***ਹੇ ਦਇਆਲ ਲਾਲ।***
- ***ਕਬੀਰ ਏਕ ਆਧੀ ਘੜੀ***
  ***ਆਧੀ ਹੂੰ ਤੇ ਆਧ।***

ਸੂਬਾ ਬਲਵਿੰਦਰ ਸਿੰਘ ਦੁਆਰਾ ਕੀਤੀ ਅਰਦਾਸ ਤੋਂ ਬਾਅਦ ਸੰਤ ਅਵਤਾਰ ਸਿੰਘ ਨੇ ਅਗਲੇ ਪ੍ਰੋਗਰਾਮ ਦੱਸੇ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਅੰਗਰੇਜ਼ੀ ਤੇ ਪੰਜਾਬੀ ਵਿਚ ਖਾਸ਼ ਕਰਕੇ ਨੌਜਵਾਨਾਂ ਲਈ ਸਦ ਉਪਦੇਸ਼ ਕੀਤਾ। ਥਾਈਲੈਂਡ ਵਿਚ ਦੇਰ ਰਾਤ ਨਾਲ ਸੌਣ ਅਤੇ ਸਵੇਰੇ ਦੇਰ ਨਾਲ ਜਾਗਣ ਦੀ ਆਦਤ ਕਾਰਨ ਪਿਛਲੇ ਸਮਿਆਂ ਵਿਚ ਆਸਾ ਦੀ ਵਾਰ ਦੇ ਕੀਰਤਨ ਸਮੇਂ ਨੌਜਵਾਨਾਂ ਦੀ ਗਿਣਤੀ ਨਾ ਦੇ ਬਰਾਬਰ ਹੀ ਹੁੰਦੀ ਸੀ। ਪਰ ਸ੍ਰੀ ਹਜ਼ੂਰ ਵਲੋਂ ਪਿਛੇ ਦਿਨਾਂ ਵਿਚ ਨੌਜਵਾਨਾਂ ਨੂੰ ਬਖਸ਼ੀ ਨੇੜਤਾ ਕਰਕੇ ਅਤੇ ਘਰਾਂ ਵਿਚ ਚਰਨ ਪਾਉਣ ਸਮੇਂ ਦਿੱਤੇ ਪਿਆਰ ਸਦਕਾ, ਹੁਣ ਕਾਫੀ ਨੌਜਵਾਨ ਤੜਕੇ ਉਠ ਕੇ ਸਨਕੇਸੀਂ ਇਸ਼ਨਾਨ ਕਰਕੇ ਆਸਾ ਦੀ ਵਾਰ ਵਿਚ ਹਾਜ਼ਰੀ ਭਰਨ ਲਗ ਪਏ ਸਨ। ਸਤਿਗੁਰੂ ਜੀ ਨੇ ਇਸੇ ਗਲ ਦਾ ਜ਼ਿਕਰ ਪਾਵਨ ਉਪਦੇਸ਼ ਵਿਚ ਵੀ ਕੀਤਾ ਤੇ ਫੁਰਮਾਇਆ ***ਬੜਾ ਚੰਗਾ***

**(ਬਾਕੀ ਸਫਾ 6 'ਤੇ)**



**ਸ੍ਰੀ ਸਤਿਗੁਰੂ ਜੀ ਸੰਤ ਸੰਤੋਖ ਸਿੰਘ (ਬੌਬੀ) ਦੇ ਗ੍ਰਹਿ ਵਿਖੇ ਪਰਿਵਾਰ ਤੇ ਬਖਸ਼ਿਸ਼ ਕਰਦੇ ਹੋਏ।**

# EAST AFRICA OBSERVED JAP PARYOG

Nairobi-East African Namdhari Sangat is once again, with the blessings of Sri Satguru Uday Singh Ji, actively engaged in the annual Jap Paryog Mela. As per Satguru Ji's hukam the program in Nairobi, the Mela began on 15th September 2016. Morning Naam Simran from 4:00 am to 6:00 am is being conducted in the homes of individual members. Evening program was held daily from 7.30 pm to 8.30 pm at the Namdhari Dharamshala, whereby Sadh Sangat joins in Naam Simran and Jathedar Ji concurrently conducts Diwan and Katha. Average daily gathering at the temple was about 50 to 60 people on a regular basis. Weekend attendance exceeds 150 people. Suba Sohan Singh, in spite of his ill-health, punctually attended every program.



**Jathedar Nishan Singh (Delhi) and his Jatha presented history of Sikh Gurus during programmes held at Namdhari Dharamshala, Nairobi (Kenya).**

Programs are conducted by Jathedar Nishan Singh of Delhi, supported by Kavishar Gursewak Singh from Sri Bhaini Sahib, Karam Singh, Nanta Singh and Swaran Singh, Sant Gurdev Singh and Rattan Singh Saggu also joined the group. This Jatha indeed rendered a sterling service in the Namdhari community in Nairobi. Sangat from different Sikh communities appreciative the knowledge imparted through their Diwans. Nine persons have voluntarily received "Naam."

Sangat members and people from the Sikh community hosted and joined in preparing the Langar everyday. The Jap Paryog Mela in Nairobi is a well known event recognized by Sikh communities across East Africa and well attended by all the members in Nairobi.

**- Narinder S Roopra**
*Chairman, E. A. Namdhari Sangat*

# SIKHI FLOURISHING IN TORONTO UNDER SRI SATGURU UDAY SINGH JI'S KIRPA



**Left to Right Gursikh Singh Hajra & Gurjap Singh Hajra.**

**Toronto :** Amrit vele Da Naam Simran occurs at 4:30am every morning and every evening at 6pm and has been this way since September 2015. Furthermore recitals of the Satguru Bilas are read each and every evening.

But this is just a platform or a heven for Sukh within the Sadh Sangat. And when you experience this and are a part of this it becomes infectious which in turn brings a yearning to spread this.

And based on my experiences and observation I can now understand what ?

1) Sri Satguru Jagjit Singh Ji refered to as quality over quantity in their updesh
2) Why Sri Satguru Gobind Singh Ji sacrificed his sons for countless other sons of Sikhi
3) Why Sri Satguru Uday Singh Ji focuses on youth and Amrit Vele Da Naam Simran

Because there are youngsters out there practicing Sikhi each and every day and side is a picture of two young individuals. What sets them apart is they have been continuously for 4 months 7 days a week waking up each morning to perform Amrit Vele De Naam Simran for one hour in the Sadh Sangat.

Like most, these two young Sikh boys attend secondary school and are able to successfully execute there day to day academic and physical studies.

These two boys I am sure are like many around the globe who are working hard each day towards becoming a better Sikh; whether it be through praying, singing the lords praises, reciting the Sikh holy-scriptures, or encouraging/preaching to others to follow Sikhi. The driving force behind all this is the Kirpa of His Holiness Sri Satguru Uday Singh Ji.

So let all recognize the quality of our dedicated youth both in Toronto and abroad. Let us hope Sri Satguru Ji continues to bestow their kirpa like they have on young Gursikh Singh Hajra and Gurjap Singh Hajra to us all also.

Have a wonderful blessed New Year Satjug Readers and don't forget those Religious New Year resolutions! **-Balbir Singh (Bobby)**

# WEEKLY PROGRAM BY SOUTHALL SANGAT

**Southall (UK) 10 Dec –** Today at Namdhari Sikh Centre, the weekly program consisted of an hourly Naam-Simran and Katha-Kirtan. The weekly program started at 18:00 with the one hour Naam-Simran. During the Naam-Simran, Sangat listened the recorded discourses of Satguru Jagjit singh ji. Afterwards, Ustad Iqbal Husaain performed the Kirtan. He has learnt classical vocal, violin and harmonium from Ustad Shafiulla. He has conducted numerous tours of various countries since 1978. He played following hymns while Sant Sarabjit Singh Dogra ably supported him on table.

- *Aisee lal tujh bin kaun karai – rag patdip*
- *Daya kare sukhdata satgur daya kare – rag charukeshi*
- *Avval allah nor upaya – rag bheem palasi and darbari*
- *Akhan jivan visre mar jao – rag shiv ranjani*

Subsequently, BiBi Daljit Kaur Ryatt spoke about one of the discourses of Sri Satguru Jagjit Singh ji. She summarised the discourse, surrender to the Satguru, while synthesising easy to remember points such as all the obligations of the one who surrenders his mind before the Satguru are fulfilled. Anjan Saggu performed the responsibility of stage secretary and informed sangat about the forthcoming programs. Sumptuous Langar was served after the concluding. Ardas done by Suba Kuldip Singh Chana. The Seva for today's program was done by S. Keval Singh Kalha and family. The family is well known in the Sangat for their Seva spirit and dedication. **-Ajit Singh Saggu**

# ਸਤਿਗੁਰੂ ਜੀ ਦਾ ਥਾਈਲੈਂਡ ਦੌਰਾ....(ਬਾਕੀ ਸਫਾ 4 ਦੀ)



ਸ੍ਰੀ ਸਤਿਗੁਰੂ ਜੀ ਸੰਤ ਨਾਨਕ ਸਿੰਘ ਦੇ ਪਰਿਵਾਰ ਨਾਲ।

***ਲਗਦਾ ਹੈ ਵੇਖ ਕੇ ਕਿ ਤੁਸੀਂ ਅੰਮ੍ਰਿਤ ਵੇਲੇ ਉਠਣ ਲਗ ਪਏ ਹੋ, ਵਾਰ ਵਿਚ ਆਉਣ ਲਗ ਪਏ ਹੋ।***

ਸ੍ਰੀ ਸਤਿਗੁਰੂ ਜੀ ਅੱਜ ਨਾਮਧਾਰੀ ਸੀਡਜ਼ ਥਾਈਲੈਂਡ ਦੇ ਫਾਰਮ ਤੇ ਨਰੀਖਣ ਤੇ ਪਰੀਖਣ ਕਰਨ ਗਏ। ਨਾਮਧਾਰੀ ਸੀਡਜ਼ ਦੇ ਇਸ ਫਾਰਮ ਤੇ ਪੰਪਕਿਨ ਆਦਿ ਕਈ ਪ੍ਰਕਾਰ ਦੇ ਫਲਾਂ ਤੇ ਫੁਲਾਂ ਦੇ ਬੀਜ਼ ਉਤਪੰਨ ਕੀਤੇ ਜਾਂਦੇ ਹਨ। ਅਤੇ ਇਹਨਾਂ ਉਪਰ ਆਰ. ਈ. ਡੀ. ਰਿਸਰਚ ਐਂਡ ਡਿਵੈਲਪਮੈਂਟ ਕੀਤੀ ਜਾਂਦੀ ਹੈ।

ਅਜ ਦਾ ਸਾਰਾ ਦਿਨ ਹੀ ਸਤਿਗੁਰੂ ਜੀ ਨੇ ਨਾਮਧਾਰੀ ਸੀਡਜ਼ ਦੇ ਲੇਖੇ ਲਾਇਆ ਸੀ ਅਤੇ ਫੋਨ ਤੇ ਅਰਜ਼ਾਂ ਸੁਣੀਆਂ, ਨਵ ਜੰਮਿਆਂ ਦੇ ਨਾਮ ਵੀ ਰਖੇ।

## ਮਿਤੀ 7 ਦਸੰਬਰ 2016

ਇਸ ਦਿਨ ਸ਼ਾਮ ਸਿੰਘ ਰਾਗੀ ਨੇ ਇਛਾ ਜਿਤਾਈ ਕਿ ਕਿਤੇ ਸਮੁੰਦਰ ਦੇ ਕੰਢੇ ਜਾ ਕੇ ਵਾਰ ਲਾਈਏ। ਸ੍ਰੀ ਹਜ਼ੂਰ ਨੇ ਇਸ ਗਲ ਨਾਲ ਪ੍ਰਵਾਨਗੀ ਦਿੱਤੀ ਕਿ ਜੇ ਪ੍ਰਬੰਧ ਕਰਨ ਵਿਚ ਖੇਚਲ ਜ਼ਿਆਦਾ ਨਾ ਹੋਵੇ ਤਾਂ ਇਸ ਤਰ੍ਹਾਂ ਵੀ ਕਰ ਸਕਦੇ ਹਾਂ।

ਜੋਮੈਟਿਨ ਬੀਚ ਤੇ ਤਕਰੀਬਨ 4.30 ਵਜੇ ਤੋਂ 6.30 ਵਜੇ ਤਕ ਆਸਾ ਦੀ ਵਾਰ ਦਾ ਕੀਰਤਨ ਕੀਤਾ ਗਿਆ। ਕਿਸੇ ਨੂੰ ਵੀ ਅਨੁਮਾਨ ਨਹੀਂ ਸੀ ਕਿ ਸਮੁੰਦਰ ਦੇ ਕੰਢੇ ਇਤਨਾ ਸੁੰਦਰ ਇੰਤਜਾਮ ਹੋਵੇਗਾ। ਰਾਗੀਆਂ ਦੁਆਰਾ ਪੜੇ ਸ਼ਬਦ–

***ਸੰਸਾਰ ਸਮੁੰਦੇ ਪਾਰ ਗੋਬਿੰਦੇ।।***
***ਸਮੁੰਦ ਸਾਗਰ ਹੋਵੇ ਬਹੁ ਖਾਰਾ।।***

ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸਤਿਗੁਰੂ ਜੀ ਨੇ ਪ੍ਰੀਤ ਜੀ ਦੇ ਪਤੀਏ ਵਿਚ ਬਣੇ ਸੈਰਗਾਹ ਬੰਗਲੇ ਵਿਚ ਦਰਸ਼ਨ ਦਿਤੇ। ਇਹਨਾਂ ਦੇ ਪੋਤਰੇ ਦੁਰਗਾ ਸਿੰਘ ਨੂੰ ਸਤਿਗੁਰੂ ਜੀ ਤੋਂ ਰਜਵਾਂ ਸਨੇਹ ਪ੍ਰਾਪਤ ਹੋਇਆ।

ਕੁਝ ਚਿਰ ਸਮੁੰਦਰ ਦੇ ਕੰਢੇ ਸੈਰ ਕਰਕੇ ਪ੍ਰਸ਼ਾਦਾ ਛਕਣ ਉਪਰੰਤ ਮੰਗਲ ਸਿੰਘ ਹੁਰਾਂ ਦੇ ਦੁਆਰਾ ਕੀਤੇ ਵਡੇ ਬੇੜੇ 'ਚ ਸਵਾਰ ਹੋ ਸਮੁੰਦਰ ਦੇ ਅੰਦਰ ਤਕਰੀਬਨ ਪੌਣੇ ਘੰਟੇ ਦਾ ਸਫਰ ਤੈਅ ਕਰ ਇਕ ਛੋਟੇ ਆਈਲੈਂਡ ਟਾਪੂ ਤੇ ਪਹੁੰਚੇ। ਤਕਰੀਬਨ 130 ਦੀ ਗਿਣਤੀ ਜਿਸਨੇ ਆਸਾ ਦੀ ਵਾਰ ਦਾ ਵੀ ਅਨੰਦ ਮਾਣਿਆ ਸੀ ਹੁਣ ਸਤਿਗੁਰੂ ਜੀ ਨਾਲ ਸੈਰ ਦਾ ਅਨੰਦ ਮਾਨਣ ਲਈ ਇਥੇ ਪਹੁੰਚੇ ਸਨ।

ਸਤਿਗੁਰੂ ਜੀ ਦੀ ਰਜ਼ਾ ਸੀ ਕਿ ਟਾਪੂ ਦੇ ਕਿਸੇ ਹੋਰ ਕਿਨਾਰੇ ਵਲ ਜਾਇਆ ਜਾਵੇ ਜਿਥੇ ਏਕਾਂਤ ਹੋਵੇ। ਹਾਲਾਂਕਿ ਕਿਰਾਏ ਤੇ ਛੋਟੇ ਸੇਟਰ ਰਿਕਸ਼ੇ ਤੇ ਵੈਨਾਂ ਕਿਰਾਏ ਤੇ ਕੀਤੀਆਂ ਜਾ ਰਹੀਆਂ ਸਨ ਪਰ ਸਤਿਗੁਰੂ ਜੀ ਨੇ ਪੈਦਲ ਇਕ ਉਚਾਨ ਨੂੰ ਜਾਣ ਵਾਲੇ ਰਸਤੇ ਤੇ ਚਾਲੇ ਪਾ ਦਿੱਤੇ। ਨੌਜਵਾਨਾਂ ਦਾ ਉਹ ਟੋਲਾ ਜਿਹੜਾ ਸ੍ਰੀ ਹਜ਼ੂਰ ਨਾਲ ਤੁਰਨ ਦਾ ਹੌਸਲਾ ਰਖਦਾ ਸੀ ਤੁਰ ਪਿਆ। ਸ੍ਰੀ ਹਜ਼ੂਰ ਦੀ ਰਫਤਾਰ ਤੇ ਚੜਾਈ ਉਤਰਾਈ ਵਾਲਾ ਰਾਹ ਕਈਆਂ ਦੀ ਤੋਬਾ ਕਰਵਾ ਗਿਆ। ਰਾਹ ਵਿਚ ਸੁਰਮੁਖ ਰਾਗੀ ਤੇ ਛੋਟੇ ਛੋਟੇ ਹਾਸ ਰਸ ਦੇ ਵਾਕ, ਸ੍ਰੀ ਹਜ਼ੂਰ ਦੇ ਦਰਸ਼ਨ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਕਥਾਵਾਂ ਅਤੇ ਇਹ ਵਾਤਾਵਰਨ ਅਨੰਦ ਅਤੇ ਅਧਿਆਤਮਕ ਭਗਤੀ ਭਾਵਨਾ ਦਾ ਸੁਮੇਲ ਸੀ। ਅਖੀਰ ਇਕ ਏਕਾਂਤ ਬੀਚ ਤੇ ਪਹੁੰਚ ਕਈਆਂ ਨੇ ਸਮੁੰਦਰ ਇਸ਼ਨਾਨ ਦਾ ਅਨੰਦ ਮਾਣਿਆ। ਬਾਕੀ ਸੰਗਤ ਵੀ ਇਥੇ ਇਕੱਤਰ ਹੋਈ। ਤਕਰੀਬਨ 3 ਘੰਟਿਆਂ ਦੇ ਇਸ ਸਮੇਂ ਵਿਚ ਸਤਿਗੁਰੂ ਜੀ, ਤਰਨ ਸਿੰਘ, ਸੇਠ ਸੁਰਅੰਮ੍ਰਿਤ ਸਿੰਘ, ਸੰਤ ਗੁਰਬਚਨ ਸਿੰਘ ਪ੍ਰੀਤ ਜੀ ਆਦਿ ਨਾਲ ਬਚਨ ਬਿਲਾਸ ਕਰਦੇ ਰਹੇ। ਥਾਈਲੈਂਡ ਦੀ ਸੰਗਤ ਵਲੋਂ ਲਗਾਏ ਨਾਰੀਅਲ ਪਾਣੀ ਆਦਿ ਨਾਲ



ਸ੍ਰੀ ਸਤਿਗੁਰੂ ਜੀ ਸੰਤ ਜਗਜੀਤ ਸਿੰਘ ਖਰਬੰਦਾ ਦੇ ਪਰਿਵਾਰ ਤੇ ਕਿਰਪਾ ਕਰਦੇ ਹਏ।



ਸੰਤ ਕੇਹਰ ਸਿੰਘ ਮਲਹੋਤਰਾ ਦਾ ਪਰਿਵਾਰ ਸ੍ਰੀ ਸਤਿਗੁਰੂ ਜੀ ਪਾਸੋਂ ਬਖਸ਼ਿਸ਼ ਪ੍ਰਾਪਤ ਕਰਦਾ ਹੋਇਆ।

ਸੇਵਾ ਬਾਖੂਬੀ ਨਿਭਾਈ ਗਈ।

ਜੇ ਵੇਖਿਆ ਜਾਵੇ ਤਾਂ ਕਿਸ ਤਰ੍ਹਾਂ ਸਤਿਗੁਰੂ ਜੀ ਨੇ ਅਦਭੁਤ ਤਰੀਕੇ ਨਾਲ ਸਾਰੇ ਦਿਨ ਵਿਚ ਨੌਜਵਾਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਛੋਟੀਆਂ ਛੋਟੀਆਂ ਸਿਖਿਆਵਾਂ ਪ੍ਰਦਾਨ ਕੀਤੀਆਂ।

## 8 ਦਸੰਬਰ 2016

ਆਸਾ ਦੀ ਵਾਰ ਦਾ ਕੀਰਤਨ ਡੇਰੇ ਦੇ ਹਾਲ ਵਿਚ ਹੀ ਹੋਇਆ। ਰਾਗੀਆਂ ਦੁਆਰਾ ਪੜੇ ਗਏ ਸ਼ਬਦ–

***ਤੂੰ ਦਾਤਾ ਦਾਤਾਰ ਤੇਰਾ ਦਿਨ ਖਾਵਨਾ।।***
***ਮਾਟੀ ਕੋ ਪੁਤਲਾ ਕੈਸੇ ਨਚਤ ਹੈ।।***

ਆਸਾ ਦੀ ਵਾਰ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਇਹਨਾਂ ਘਰਾਂ ਵਿਚ ਜਾ ਦਰਸ਼ਨ ਦਿੱਤੇ–

1. ਸੰਤ ਮੋਹਰ ਸਿੰਘ
2. ਸੰਤ ਚੰਨ ਸਿੰਘ ਸਚਦੇਵ
3 ਸੰਤ ਸਵਰਨ ਪਾਲ ਸਿੰਘ ਸਚਦੇਵ
4. ਇਕ ਬਿਰਧ ਦੰਪਤੀ
5. ਸੰਤ ਅਰਜਨ ਸਿੰਘ
6. ਸੰਤ ਗੋਬਿੰਦ ਸਿੰਘ

ਸਭ ਨੂੰ ਦਰਸ਼ਨ ਦਿਦਾਰੇ ਬਖਸ਼ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕੀਤੀਆਂ।

ਸ਼ਾਮ 5.30 ਤੋਂ 6.30 ਤਕ ਨਾਮ ਸਿਮਰਨ ਦੌਰਾਨ ਸੰਤ ਗੁਰਬਚਨ ਸਿੰਘ ਨੇ ਗੁਰਦੁਆਰੇ ਵਿਚ ਕਥਾ ਕੀਤੀ। ਸੰਤਾਂ ਨੇ ਕਥਾ ਕਰਦਿਆਂ ਦੱਸਿਆ ਕਿ ਅਕਾਲ ਪੁਰਖ ਨੇ ਸਾਰੀ ਸਿਰਜਨਾ ਪੰਜ ਤਤਾਂ ਵਿਚ ਹੀ ਕੀਤੀ ਹੈ।; ਧਰਤੀ, ਪਾਣੀ, ਹਵਾ, ਅਗਨੀ ਤੇ ਆਕਾਸ਼ ਅਜ ਤਕ ਕੋਈ ਛੇਵਾਂ ਤਤ ਨਹੀਂ। ਫਿਰ ਮਨੁੱਖ ਕਿਸ ਗੱਲ ਦਾ ਹੰਕਾਰ ਕਰਦਾ ਹੈ। ਸੰਤਾਂ ਨੇ ਦੱਸਿਆ ਕਿ ਦੁਨੀਆਂ ਦੇ ਸਾਰੇ ਫੈਸ਼ਨ ਇਕ ਵਿਖਾਵਾ ਹਨ। ਉਪਰੰਤ ਕੀਰਤਨ ਹੋਇਆ ਸ਼ਬਦ ਸਨ–

***ਸੇ ਉਸਰੇ ਜਿਨ ਰਾਮ ਪਿਆਰੇ***
***ਜਤਨ ਮਾਇਆ ਕੇ ਕਾਮ ਨਾ ਆਵੇ।।***

ਅੱਜ ਦਾ ਮੇਲਾ ਮਾਈਆਂ ਬੀਬੀਆਂ ਵਲੋਂ ਕੀਤਾ ਗਿਆ।

## 9 ਦਸੰਬਰ 2016

4.30 ਤੋਂ 6.30 ਤੱਕ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਅਤੇ ਬੰਕੋਕ ਦੇ ਬੱਚਿਆਂ ਨੇ ਡੇਰੇ ਵਿਖੇ ਹੀ ਕੀਤਾ। ਅੱਜ ਕੁਝ ਸ਼ਬਦ ਦੀਆਂ ਰੀਤਾਂ ਪਖਾਵਜ ਦੇ ਬੋਲਾਂ ਨਾਲ ਗਾਈਆਂ ਗਈਆਂ। ਜਿਸ ਲਈ ਸੁਖਦੇਵ ਸਿੰਘ ਸੁਖੀ ਨੇ ਪਖਾਵਜ ਤੇ ਆਪਣੀ ਮਹਾਰਥ ਦੇ ਜੌਹਰ ਵਿਖਾਏ–

***ਸੁਣ ਯਾਰ ਹਮਾਰੇ ਸਜਣ***
***ਇਕ ਕਰੋ ਬੇਨਤੀਆ।।***
***ਸਾਜਨ ਮੈਡਾ ਸਾਈਆ(ਪਖਾਵਜ ਨਾਲ)***

ਅੱਜ ਦੇ ਮੇਲੇ ਦੀ ਸੇਵਾ ਵੀ ਬੰਕੋਕ ਦੀਆਂ ਬੀਬੀਆਂ ਵਲੋਂ ਕੀਤੀ ਗਈ ਅਤੇ 7 ਪਾਠਾਂ ਦੇ ਭੋਗ ਪਾਏ ਗਏ। ਅੱਜ ਸਵੇਰੇ ਸਤਿਗੁਰੂ ਜੀ ਦੀ ਪੁਤਰੀ ਬੀਬੀ ਉਜਲ ਕੌਰ ਅਤੇ ਦਾਮਾਦ ਗਿਆਨ ਸਿੰਘ ਵੀ ਬੰਕੋਕ ਪਹੁੰਚੇ ਸਨ। ਜਦ ਦੇ ਸਤਿਗੁਰੂ ਜੀ ਬੰਕੋਕ ਆਏ ਸਨ ਅਤੇ ਇਸ ਘਰ ਡੇਰਾ ਹੀ ਹੈ ਗਿਆਨੀ ਸੰਤੋਖ ਸਿੰਘ ਤਕਰੀਬਨ ਬੇਸੁਰਤ ਹੀ ਸੁੱਤੇ ਰਹਿੰਦੇ ਸਨ। ਅੱਜ ਉਹਨਾਂ ਦੇ ਸਰੀਰ ਨੇ ਸਾਥ ਦਿੱਤਾ ਤਾਂ ਉਹਨਾਂ ਦੇ ਨਿਜੀ ਸੇਵਾਦਾਰਾਂ ਨੇ ਇਸ਼ਨਾਨ ਕਰਵਾਇਆ ਅਤੇ ਗਿਆਨੀ ਜੀ ਨੇ ਅੱਜ ਆਸਾ ਦੀ ਵਾਰ ਵਿਚ ਆਣ ਸਤਿਗੁਰੂ ਜੀ ਦੇ ਦਰਸ਼ਨ ਕੀਤੇ।

ਤਕਰੀਬਨ 12 ਵਜੇ ਨਰੈਣ ਸਿੰਘ ਨਰੂਲਾ ਘਰ ਸਾਰੀ ਸੰਗਤ ਸਹਿਤ ਦਰਸ਼ਨ ਦਿੱਤੇ। ਪਰਵਾਰ ਨੇ ਭਰਵਾਂ ਸੁਆਗਤ ਕਰ ਸ੍ਰੀ ਚਰਨਾਂ ਵਿਚ ਅਕੀਦਤ ਭੇਟ ਕੀਤੀ। ਇਹਨਾਂ ਦੇ ਪੁੱਤਰ ਅਤਰ ਸਿੰਘ, ਪੋਤਰਾ ਮਨਮੋਹਨ ਸਿੰਘ ਅਤੇ ਪੜਪੋਤਰੇ ਮੰਗਲ ਸਿੰਘ ਮੇਹਰ ਸਿੰਘ ਨੇ ਸਤਿਗੁਰੂ ਜੀ ਪਾਸੋਂ ਰਜਵਾਂ ਪਿਆਰ ਲਿਆ। ਸਤਿਗੁਰੂ ਜੀ ਨੇ ਮੇਹਰ ਸਿੰਘ ਤੇ ਮੰਗਲ ਸਿੰਘ ਨੂੰ ਸਿਖੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਸਤਿਗੁਰੂ ਜੀ ਪਉੜੀ ਉਤਰਦਿਆਂ ਬਚਨ ਕੀਤਾ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੜੇ ਉਪਦੇਸ਼ਾਂ ਵਿਚ ਜਾਤ ਪਾਤ ਦੀਆਂ ਤ੍ਰੇੜਾਂ ਮਿਟਾਉਣ ਦਾ ਹੁਕਮ ਕੀਤਾ ਹੈ। ਹੋਰ ਕੁਝ ਬਚਨ ਬਿਲਾਸ ਕਰਦਿਆਂ ਗੱਡੀ ਵਿਚ ਸਵਾਰ ਹੋ ਪ੍ਰੀਤ ਜੀ ਦੇ ਘਰ ਚਾਲੇ ਪਾਏ।

ਪ੍ਰੀਤ ਜੀ ਦੇ ਘਰ ਦਰਸ਼ਨ ਦਿੱਤੇ ਤਾਂ ਸਾਰੇ ਸ਼ਰਧਾਵਾਨ ਪਰਿਵਾਰ ਨੇ ਇਹਨਾਂ ਦੀ ਧਰਮ ਪਤਨੀ ਜਿਸ ਦੀ ਸਰੀਰਕ ਅਵਸਥਾ ਠੀਕ ਨਹੀਂ ਹੈ ਲਈ ਪ੍ਰੀਤ ਜੀ ਨੇ ਬਖਸ਼ਿਸ਼ ਲਈ ਅਰਜ਼ ਕੀਤੀ। ਭਰੇ ਪੂਰੇ ਪਰਵਾਰ ਵਿਚ ਪੁਤਰ, ਨੂਹਾਂ, ਪੋਤਰੇ, ਪੋਤਰੀਆਂ ਨੇ ਸਤਿਗੁਰੂ ਜੀ ਦਾ ਭਰਪੂਰ ਪਿਆਰ ਲਿਆ। ਜਲ ਪਾਣੀ ਛਕ ਸਤਿਗੁਰੂ ਜੀ ਨੇ ਬੜੀ ਭਾਵੁਕਤਾ ਨਾਲ ਬਚਨ ਕੀਤੇ ਨਾਲ ਹੀ ਰਜਿੰਦਰ ਸਿੰਘ ਗੁਰੂਸਰ ਵਾਲਿਆਂ ਦੀ ਪੁਸਤਕ ਬਾਬਾਣੀਆਂ ਕਹਾਣੀਆਂ ਵਿਚ ਛਪੀ ਸਿਖਾਂ ਦੇ ਇਸ਼ਨਾਨ ਕਰਵਾਉਣ ਵਾਲੀ ਵਾਰਤਾ ਦਾ ਵੀ ਜ਼ਿਕਰ ਹੋਇਆ। ਭਾਵ ਸਾਰਾ ਮਾਹੌਲ ਹੀ ਪ੍ਰੀਤਮ ਪਿਆਰੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਸਾਰੋਬਾਰ ਸੀ।

ਨਾਮਧਾਰੀ ਗੁਰਦੁਆਰਾ ਸੋਏ ਅਸੋਕ ਵਿਖੇ 6–7 ਸ਼ਾਮ ਨਾਮ ਸਿਮਰਨ ਹੋਇਆ ਜਿਸ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਰਿਕਾਰਡ ਉਪਦੇਸ਼ ਹੀ ਸੁਣੇ ਗਏ। ਰਾਗੀਆਂ ਨੇ ਕੀਰਤਨ ਕੀਤਾ–

***ਜਿਉ ਤਾਰਹਿ ਤਿਉ ਤਾਰ ਸੁਆਮੀ।।***

ਅੱਜ ਦਾ ਮੇਲਾ ਸੇਠ ਗੁਰਅੰਮ੍ਰਿਤ ਸਿੰਘ ਵਲੋਂ ਸਤਿਗੁਰੂ ਜੀ ਦੇ ਬੰਕੋਕ

(ਬਾਕੀ ਸਫਾ 7 'ਤੇ)

# ਸਤਿਗੁਰੂ ਜੀ ਦਾ ਥਾਈਲੈਂਡ ਦੌਰਾ....(ਬਾਕੀ ਸਫਾ 6 ਦੀ)



ਸ੍ਰੀ ਸਤਿਗੁਰੂ ਜੀ ਸੇਠ ਮਹਿੰਦਰ ਸਿੰਘ (ਕੇ. ਐਸ) ਦੇ ਗ੍ਰਹਿ ਵਿਖੇ ਖੁਸ਼ੀਆਂ ਬਖਸ਼ਦੇ ਹੋਏ।



ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਗੁਰਦੁਆਰਾ ਸਿੰਘ ਸਭਾ (ਬੈਂਕੋਕ) ਦੇ ਰਾਗੀ ਸਿੰਘ।

ਵਿਖੇ ਦਰਸ਼ਨ ਦੇਣ ਦੀ ਖੁਸ਼ੀ ਵਿਚ ਹੋਇਆ ਅਤੇ 6 ਪਾਠਾਂ ਦੇ ਭੋਗ ਪਾਏ ਗਏ।

**10 ਦਸੰਬਰ 2016**

ਆਸਾ ਦੀ ਵਾਰ ਦਾ ਕੀਰਤਨ 4.30 ਤੋਂ 6.30 ਤੱਕ ਸੰਤ ਅਵਤਾਰ ਸਿੰਘ ਦੇ ਗ੍ਰਹਿ ਵਿਖੇ ਹੋਇਆ। ਹਜ਼ੂਰੀ ਰਾਗੀ ਕੀਰਤਨ ਕਰ ਰਹੇ ਸਨ। ਸ੍ਰੀ ਹਜ਼ੂਰ ਨੇ ਸੇਵਕ ਕਰਤਾਰ ਸਿੰਘ ਨੂੰ ਇਸ਼ਾਰਾ ਕਰ ਸੰਤ ਜਸਪਾਲ ਸਿੰਘ ਸਚਦੇਵ ਅਤੇ ਨਾਨਕ ਸਿੰਘ ਦੇ ਪੁਤਰ ਨੂੰ ਵੀ ਰਾਗੀਆਂ ਨਾਲ ਬੈਠਣ ਦਾ ਹੁਕਮ ਕਰ ਨਿਵਾਜਿਆ। ਵਾਚਕ ਵਿਚ ਢੁਕਵੇਂ ਸ਼ਬਦ ਸਨ–

***ਮਨ ਤੂੰ ਰਾਮ ਸਿਮਰ ਰਾਮ ਸਿਮਰ।।***
***ਜੋ ਸਿਰ ਸਾਈਂ ਨਾ ਨਿਵੈ।।***

ਅੱਜ ਦਾ ਸਾਰਾ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਵਰ੍ਹੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਕਰ ਮੇਲਾ ਮਨਾਇਆ ਗਿਆ। ਵਾਰ ਤੋਂ ਬਾਅਦ ਸਟੇਜ ਸਕੱਤਰ ਸੰਤ ਅਜੀਤ ਸਿੰਘ ਨੇ ਸੰਤ ਅਵਤਾਰ ਸਿੰਘ ਹੋਰਾਂ ਦਾ ਪਿਛੋਕੜ ਬਾਰੇ ਜਾਣਕਾਰੀ ਦਿੱਤੀ ਕਿ ਇਹਨਾਂ ਦੇ ਪਿਤਾ ਜੀ ਜਿਨਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਮਸਤਾਨਾ ਜੀ ਆਖ ਬੁਲਾਇਆ ਕਰਦੇ ਸਨ ਅਤੇ ਉਹਨਾਂ ਦੇ ਨਾਮ ਤੇ ਹੀ ਮਸਤਾਨਗੜ੍ਹ ਦਾ ਨਾਮ ਰਖਿਆ ਗਿਆ ਸੀ।

ਇਹਨਾਂ ਤੋਂ ਬਾਅਦ ਪ੍ਰੀਤ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨਾਲ ਸੰਬਧਿਤ ਕਵਿਤਾ ਸੁਣਾਈ–

*ਸਤਿਗੁਰੂ ਰਾਮ ਸਿੰਘ*
*ਪੂਰਨ ਅਵਤਾਰ ਆਏ ਹੈਂ।*

ਇਹਨਾਂ ਤੋਂ ਬਾਅਦ ਸੂਬਾ ਬਲਵਿੰਦਰ ਸਿੰਘ ਝੱਲ ਨੇ ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਿਸ਼ਾਂ ਦਾ ਗੁਣ ਗਾਨ ਕੀਤਾ ਅਤੇ ਇਹ ਵੀ ਦੱਸਿਆ ਕਿ ਇਕ ਸਿਖ ਹੋਣ ਦੇ ਨਾਤੇ ਸਾਡੇ ਕੀ ਫਰਜ਼ ਹਨ ਅਤੇ ਸਾਨੂੰ ਕੀ ਕਰਨਾ ਚਾਹੀਦਾ ਹੈ।

**ਸੁਖਵਿੰਦਰ ਸਿੰਘ ਲਾਇਲ** ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੇ 12ਵੇਂ ਅਵਤਾਰ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ ਸਮਾਜ ਸੁਧਾਰ ਦੀ ਖਾਤਰ ਅਨੇਕ ਪਰਉਪਕਾਰ ਕੀਤੇ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾਈ ਸਿਖੀ ਨੂੰ ਮੁੜ ਸੁਰਜੀਤ ਕਰ ਸੰਤ ਖਾਲਸੇ ਦੀ ਸਥਾਪਨਾ ਕੀਤੀ ਅਤੇ ਲੋਕਾਂ ਨੂੰ ਮਾਸ਼ ਸ਼ਰਾਬ ਛੁਡਵਾ ਕੇ ਨਾਮ ਬਾਣੀ ਅਤੇ ਦੇਸ਼ ਭਗਤੀ ਵਾਲੇ ਪਾਸੇ ਲਾਇਆ। ਸਤਿਗੁਰੂ ਰਾਮ ਸਿੰਘ ਜੀ ਨੇ ਲੜਕੀਆਂ ਮਾਰਨ, ਵੇਚਣ, ਵੱਟਾ ਕਰਨ ਵਾਲੇ ਨਾਲ ਨਾ ਮਿਲਵਰਤਨ ਦਾ ਉਪਦੇਸ਼ ਦਿੱਤਾ।

**ਸੰਤ ਗੁਰਬਚਨ ਸਿੰਘ** ਨੇ ਗੁਰੂ ਅਤੇ ਸਿਖ ਦੇ ਰਿਸ਼ਤੇ ਦਾ ਭਾਵ ਸਮਝਾਇਆ। ਸਤਿਗੁਰੂ ਰਾਮ ਸਿੰਘ ਜੀ ਨੇ ਮਨੁੱਖਾਂ ਵਿਚੋਂ ਵਾਸ਼ਨਾਵਾਂ ਕਢ ਕੇ ਪਰਮ ਹੰਸ ਦੇ ਰੂਪ ਵਿਚ ਪ੍ਰੋਜੈਕਟਰ ਤਿਆਰ ਕੀਤਾ ਹੈ। ਅੱਜ ਵੀ ਲੋਕ ਸਾਡੇ ਬਾਣੇ ਵਲ ਵੇਖ ਕੇ ਸਾਨੂੰ ਸਤਿਕਾਰ ਦਿੰਦੇ ਹਨ ਕਿਉਂਕਿ ਇਹ ਸਤਿਗੁਰੂ ਰਾਮ ਸਿੰਘ ਜੀ ਦਾ ਦਿੱਤਾ ਬਾਣਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਮਨੁੱਖਾਂ ਨੂੰ ਸੱਚ ਧਰਮ ਅਤੇ ਸਮਾਜ ਨਾਲ ਜੁੜਨ ਦਾ ਪ੍ਰਚਾਰ ਕੀਤਾ ਹੈ।

ਇਹਨਾਂ ਤੋਂ ਬਾਅਦ ਰਾਗੀਆਂ ਨੇ ਕੀਰਤਨ ਕੀਤਾ। ਪਖਾਵਜ ਦੇ ਬੋਲ ਸੁਖਦੇਵ ਸਿੰਘ ਸੁਖੀ ਹੁਰਾਂ ਵਜਾਏ। ਪੜ੍ਹੇ ਗਏ ਸ਼ਬਦ ਸਨ–

***– ਹਮ ਘਰਿ ਸਾਜਨ ਆਏ***
***ਸਾਚੇ ਮੇਲ ਮਿਲਾਏ।।***
***– ਲਾਲ ਮੇਰੇ ਆਏ ਹੈਂ।।***

ਅੱਜ ਦੇ ਮੇਲੇ ਦੀ ਸੇਵਾ ਵੀ ਬੀਬੀਆਂ ਵਲੋਂ ਕੀਤੀ ਗਈ। ਇਸ ਲਈ ਬੀਬੀ ਰਾਣੀ ਅਤੇ ਰਾਜ ਰਤਨ ਆਦਿ ਦੇ ਉਦਮ ਨਾਲ ਸਾਰੀਆਂ ਸੇਵਾਦਾਰ ਬੀਬੀਆਂ ਨੂੰ ਸਤਿਗੁਰੂ ਜੀ ਦੇ ਹਸਤ ਕੰਵਲਾਂ ਤੋਂ ਮੋਮੈਂਟੋ ਅਤੇ ਪ੍ਰਸ਼ਾਦ ਦਿੱਤਾ ਗਿਆ। ਪੂਰੇ ਮਾਹੌਲ ਵਿਚ ਇਕ ਸਫਲ ਆਯੋਜਨ ਦੇ ਸੰਪੂਰਨ ਹੋਣ ਤੇ ਖੁਸ਼ੀ ਵਾਲਾ ਜੋਸ਼ ਸੀ। ਸਾਰਿਆਂ ਵਿਚ ਹੀ ਨਵੇਂ ਸਤਿਗੁਰੂ ਜੀ ਪ੍ਰਤੀ ਸ਼ਰਧਾ, ਉਨਾਂ ਦੁਆਰਾ ਭੇਟ ਕੀਤੀ ਜਾ ਰਹੀ ਅਕੀਦਤ ਨਜ਼ਰ ਆ ਰਹੀ ਸੀ।

ਸਤਿਗੁਰੂ ਜੀ ਨੇ ਕਲਿਆਣਕਾਰੀ ਉਪਦੇਸ਼ ਦਿੱਤਾ। (ਵੇਖੋ ਸਫਾ 3 ਤੇ)

ਡੇਰੇ ਜਾਂਦਿਆਂ ਸਤਿਗੁਰੂ ਜੀ ਨੇ ਬੀਬੀ ਰਾਣੀ ਭਾਵ ਮਹਿਤਾਬ ਸਿੰਘ ਦੀ ਭੈਣ ਦੇ ਘਰ ਦਰਸ਼ਨ ਦਿੱਤੇ ਤੇ ਬੀਬੀ ਰਾਜਰਤਨ ਦੇ ਦੋਵਾਂ ਪਰਿਵਾਰਾਂ ਨੂੰ ਨਿਵਾਜਿਆ। ਇਹਨਾਂ ਦੇ ਸਾਰੇ ਪਰਿਵਾਰ ਨੇ ਪੂਰੀ ਸ਼ਰਧਾ ਨਾਲ ਗੁਰ ਚਰਨਾਂ ਵਿਚ ਸੀਸ ਨਿਵਾਇਆ।

ਡੇਰੇ ਆਉਣ ਉਪਰੰਤ ਨੌਜਵਾਨਾਂ ਨਾਲ ਇਕ ਮੀਟਿੰਗ ਵਿਚ ਮਤੇ ਪਾਸ ਹੋਏ ਕਿ ਹਰ ਮਹੀਨੇ ਇਕ ਕੈਂਪ ਕੀਤਾ ਜਾਇਆ ਕਰੇਗਾ। ਜਿਸ ਨਾਲ ਨਵੀਂ ਪੀੜੀ ਵਿਚ ਸਮਾਜਿਕ ਅਤੇ ਧਾਰਮਿਕ ਗੁਣਾਂ ਦਾ ਸਿਰਜਨ ਹੋ ਸਕੇਗਾ। ਸੇਵਾ ਕਰਨ ਦੀ ਆਦਤ ਪਾਈ ਜਾਵੇਗੀ। ਸਮੇਂ ਸਮੇਂ ਅਨੁਸਾਰ ਥਾਈਲੈਂਡ ਦੇ ਗਰੀਬ ਅਤੇ ਲੋੜਵੰਤ ਦੀ ਮਦਦ ਕੀਤੀ ਜਾਇਆ ਕਰੇਗੀ।

ਸੰਗੀਤ ਅਤੇ ਪੰਜਾਬੀ ਸਿਖਾਉਣ ਲਈ ਰਾਗੀ ਵੀ ਆਉਂਦੇ ਰਹਿਣਗੇ। ਜਿਹੜਾ ਗਰੁਪ ਤਿਆਰ ਹੋਵੇ ਉਹ ਕਦੇ ਕਦੇ ਆਨਲਾਈਨ ਸਿਖਿਆ ਵੀ ਲੈ ਸਕੇਗਾ। ਇਸ ਦਾ ਪ੍ਰਬੰਧ ਕੀਤਾ ਜਾਵੇਗਾ। ਸਤਿਗੁਰੂ ਜੀ ਦੇ ਛੇਤੀਂ ਛੇਤੀਂ ਦਰਸ਼ਨ ਦੇਣ ਦੀ ਅਰਜ਼ ਵੀ ਨੌਜਵਾਨਾਂ ਵਲੋਂ ਹੋਈ।

**11 ਦਸੰਬਰ 2016**

ਆਸਾ ਦੀ ਵਾਰ ਦਾ ਕੀਰਤਨ 4.30 ਤੋਂ 6.30 ਤਕ ਜਸਪਾਲ ਸਿੰਘ ਸਚਦੇਵ ਤੇ ਕਾਕਾ ਜੈ ਸਿੰਘ ਦੇ ਗ੍ਰਹਿ ਵਿਖੇ ਹੋਇਆ। ਰਾਗੀਆਂ ਅਨੰਦ ਮਈ ਸ਼ਬਦ ਗਾਇਨ ਕੀਤੇ–

***ਮੇਰੇ ਮਨਿ ਰਾਮ ਨਾਮ ਚਿਤਿ ਲਾਇ।।***

ਅਜ ਦੌਰੇ ਦਾ ਅਖੀਰਲਾ ਦਿਨ ਸੀ। ਸਾਰੀ ਸੰਗਤ ਡੇਰੇ ਤੇ ਇਕਠੀ ਹੋਈ। ਜਿਸ ਤਰ੍ਹਾਂ ਕੀ ਕੋਈ ਵੀ ਨਹੀਂ ਚਾਹੁੰਦਾ ਸੀ ਜੋ ਗੁਰ ਦਰਸ਼ਨਾਂ ਦਾ ਜਿਹੜਾ ਰਸ ਕਈ ਦਿਨਾਂ ਦਾ ਬਣਿਆ ਸੀ ਉਹ ਫਿਕਾ ਪਵੇ। ਅਰਜ਼ ਕਰਨ ਵਾਲਿਆਂ ਦਾ ਵੀ ਤਾਂਤਾ ਲਗਿਆ ਹੋਇਆ ਸੀ ਜੀਵਨ ਵਿਚ ਆਉਣ ਵਾਲੀਆਂ ਕਠਿਨਾਈਆਂ ਦੇ ਹਲ ਲੱਭਣ ਅਤੇ ਗੁਰੂ ਨਾਲ ਕੁਝ ਗਲਾਂ ਸਾਂਝੀਆਂ ਕਰਨ ਵਾਲੇ ਵਾਰੋ ਵਾਰੀ ਸ੍ਰੀ ਹਜ਼ੂਰ ਦੇ ਕਮਰੇ ਵਿਚ ਜਾਂਦੇ ਅਤੇ ਭਰਪੂਰ ਖੁਸ਼ੀਆਂ ਲੈ ਪਰਤਦੇ। ਇਸੇ ਦੌਰਾਨ ਗੁਰਦੁਆਰਾ ਗੁਰੂ ਕਾ ਤਾਲ ਆਗਰਾ ਦੇ ਕੀਰਤਨੀਏ ਭਾਈ ਕੁਲਦੀਪ ਸਿੰਘ ਕੋਮਲ ਅਤੇ ਗੁਰਦਿਆਲ ਸਿੰਘ ਕਥਾਕਾਰ ਨੇ ਜਥੇ ਸਹਿਤ ਆ ਦਰਸ਼ਨ ਕੀਤੇ। ਇਹਨਾਂ ਨੇ ਸ੍ਰੀ ਭੈਣੀ ਸਾਹਿਬ ਵੀ ਆਨ ਕੇ ਹਾਜ਼ਰੀ ਭਰਨ ਦੀ ਇਛਾ ਜ਼ਾਹਿਰ ਕੀਤੀ। ਸ੍ਰੀ ਹਜ਼ੂਰ ਨੇ ਸੂਬਾ ਬਲਵਿੰਦਰ ਸਿੰਘ ਨੂੰ ਹੁਕਮ ਕੀਤਾ ਕਿ ਇਹਨਾਂ ਨਾਲ ਸੰਪਰਕ ਬਣਾ ਲਉ। ਸਤਿਗੁਰੂ ਜੀ ਨੇ ਉਹਨਾਂ ਨਾਲ ਗੁਰੂ ਤੇਗ ਬਹਾਦਰ ਜੀ ਦੇ ਇਤਿਹਾਸ ਦੀ ਚਰਚਾ ਕੀਤੀ ਅਤੇ ਰਾਗ ਕੀਰਤਨ ਬਾਰੇ ਵੀ ਸਦ ਉਪਦੇਸ਼ ਕੀਤਾ।

ਸਤਿਗੁਰੂ ਜੀ ਨੂੰ ਬੜੇ ਭਾਵੁਕ ਮਨ ਨਾਲ ਸਾਰੀ ਸੰਗਤ ਨੇ ਕੋਠੀ ਤੋਂ ਵਿਦਾ ਕੀਤਾ। ਬੜੇ ਚਿਰਾਂ ਮਗਰੋਂ ਸੀ ਕਿ ਬੈਂਕੋਕ ਦੀ ਸਾਰੀ ਸੰਗਤ ਇਸ ਦੌਰੇ ਵਿਚ ਸ਼ਾਮਿਲ ਸੀ ਇਸ ਲਈ ਸਭ ਸਤਿਗੁਰੂ ਜਗਜੀਤ ਸਿੰਘ ਜੀ ਵਾਲਾ ਪਿਆਰ ਮਾਣਦੇ ਹੋਏ ਉਸੇ ਸਮੇਂ ਦੀਆਂ ਗਲਾਂ ਕਰ ਰਹੇ ਸਨ। ਗਡੀਆਂ ਦਾ ਕਾਫਲਾ ਏਅਰਪੋਰਟ ਵਲ ਤੁਰ ਪਿਆ। ਸਤਿਗੁਰੂ ਜੀ, ਬੀਬੀ ਗੁਰਸ਼ਰਨ ਕੌਰ ਜੀ, ਉਜਲ ਜੀ, ਗਿਆਨ ਸਿੰਘ ਤੇ ਕਰਨਪਾਲ ਸਿੰਘ ਬੰਗਲੌਰ ਲਈ ਰਵਾਨਾਂ ਹੋਏ। ਸਤਿਗੁਰੂ ਜੀ ਦੀ ਗਡੀ ਦੇ ਚਾਲਕ ਤਰਨ ਸਿੰਘ ਹੁਰਾਂ ਦੱਸਿਆ ਕਿ ਉਹਨਾਂ 18 ਸਾਲ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਇਹ ਸੇਵਾ ਨਿਭਾਈ ਸੀ ਅਤੇ ਇਸ ਦੌਰੇ ਫਿਰ ਕਿਰਪਾ ਹੋਈ ਹੈ। ਏਅਰਪੋਰਟ ਤੇ ਹੀ ਉਸ ਨਿਮਰਤਾ ਨਾਲ ਸਤਿਗੁਰੂ ਜੀ ਨੂੰ ਛੇਤੀਂ ਛੇਤੀਂ ਦਰਸ਼ਨ ਦੇਣ ਦੀ ਅਰਜ਼ ਵੀ ਕੀਤੀ ਅਤੇ ਹਰ ਦਿਲ ਨੂੰ ਮੋਹ ਲੈਣ ਵਾਲਾ ਸਤਿਗੁਰੂ ਜੀ ਦਾ ਇਹ ਅਹਿਮ ਦੌਰਾ ਸਮਾਪਤ ਹੋਇਆ।

***–ਹਰਪਾਲ ਸਿੰਘ***
***ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ***



ਸੇਠ ਮਹਿੰਦਰ ਸਿੰਘ ਪ੍ਰੀਤ ਦਾ ਪਰਿਵਾਰ ਸ੍ਰੀ ਸਤਿਗੁਰੂ ਜੀ ਨਾਲ ਖੁਸ਼ੀਆਂ ਦੇ ਪਲਾਂ ਵਿਚ।

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17

# 17 – 18 ਜਨਵਰੀ ਅੱਧੀ ਰਾਤ ਦੀ ਘੜੀ – ਪ੍ਰੀਤਮ ਪਿਆਰੇ ਦਾ ਵਿਛੋੜਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਪੰਥ ਦੀ ਵੱਧਦੀ ਉਸਤਤ ਵੇਖ ਬ੍ਰਿਟਿਸ਼ ਸਰਕਾਰ ਦਾ ਬੌਖਲਾ ਕੇ ਕਹਿਣਾ ਕੀ ਇਹ ਬ੍ਰਿਟਿਸ਼ ਸਾਮਰਾਜ ਲਈ ਬੜਾ ਖਤਰਨਾਕ ਵਿਅਕਤੀ ਹੈ। ਇਸੇ ਭੈਅ ਕਾਰਨ ਉਹਨਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ (ਵਿਦੇਸ਼) ਭੇਜਣ ਦਾ ਹੁਕਮ ਕੀਤਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਸਾਰੀਆਂ ਜ਼ਿੰਮੇਵਾਰੀਆਂ ਸੌਂਪ ਹੁਕਮ ਕੀਤਾ ਕਿ "ਇਹ ਸਿੱਖੀ ਨੂੰ ਹਰੀ ਰਖੇਗਾ"





17 – 18 ਜਨਵਰੀ 1872 ਈ. ਦੀ ਅੱਧੀ ਰਾਤ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸ੍ਰੀ ਭੈਣੀ ਸਾਹਿਬੋ ਆਪਣੇ ਸਿੱਖਾਂ ਸੇਵਕਾਂ ਸਮੇਤ ਜਲਾਵਤਨ ਹੋਣ ਤੋਂ ਪਹਿਲਾਂ ਰੋਦੀ ਕੁਰਲਾਉਂਦੀ ਸੰਗਤ ਨੂੰ ਧਰਵਾਸ ਦਿੰਦੇ ਹੋਏ ।





ਗੁਰਦੁਆਰਾ ਸੋਇ ਅਸੋਕ (ਬੰਕੋਕ) ਵਿਖੇ ਸ੍ਰੀ ਸਤਿਗੁਰੂ ਜੀ ਆਪਣੇ ਆਸਣ ਤੇ ਸੁਭਾਏਮਾਨ, ਹਜ਼ੂਰੀ ਵਿੱਚ ਰਾਗੀ ਸਰਮੁਖ ਸਿੰਘ, ਸ਼ਾਮ ਸਿੰਘ, ਹਰਵਿੰਦਰ ਸਿੰਘ, ਬਲਵੰਤ ਸਿੰਘ (ਬਾਂਸੁਰੀ) ਆਸਾ ਦੀ ਵਾਰ ਲਾਉਂਦੇ ਹੋਏ ।



ਜੋਮੈਟਿਨ ਬੀਚ ਪਟਾਇਆ (ਬੰਕੋਕ) ਵਿਖੇ ਲਗੀ ਆਸਾ ਦੀ ਵਾਰ ਉਪਰੰਤ ਸ੍ਰੀ ਸਤਿਗੁਰੂ ਜੀ ਥਾਈਲੈਂਡ ਦੇ ਛੋਟੇ ਬੱਚਿਆਂ ਨਾਲ ।



ਨੈਰੋਬੀ (ਈਸਟ ਅਫਰੀਕਾ) ਵਿਖੇ ਹੋਏ ਜਪ ਪ੍ਰਯੋਗ ਦੌਰਾਨ ਹਾਜ਼ਰੀ ਭਰਦੀ ਸਾਧ-ਸੰਗਤ ।

Subscriber's Address

Type setting by: CADCON
Designed by : Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ – 250 ਰੁਪਈਏ, ਪ੍ਰਦੇਸ – 30 ਪੌਂਡ
ਪੰਜ ਸਾਲ : ਦੇਸ – 1000 ਰੁਪਈਏ, ਪ੍ਰਦੇਸ – 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 7.15 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 5.38 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 36 of 5 January 2017